ਦਸੰਬਰ 2015

ਅੰਕ 2

# ਪ੍ਰਤਿਬਿੰਬ

ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦਾ ਪ੍ਰਤੀਨਿਧ



## ਸਕੇਪ ਪੰਜਾਬ ਈ-ਪਤ੍ਰਿਕਾ

www.scapepunjab.com

ਸਾਹਿਤ, ਖੋਜ ਅਤੇ ਸੱਭਿਆਚਾਰ ਦਾ ਪ੍ਰਤੀਨਿਧ

# ਪ੍ਰਤਿਬਿੰਬ

ਸਕੇਪ ਪੰਜਾਬ ਮਾਸਿਕ ਈ-ਪਤ੍ਰਿਕਾ

ਦਸੰਬਰ, 2015

ਅੰਕ 2

**ਮੁੱਖ ਸੰਪਾਦਕ**

ਮਨੋਜ ਫਗਵਾੜਵੀ

**ਸੰਪਾਦਕ**

ਐੱਸ. ਬਲਵੰਤ

ਸੁਬੇਗ ਸੱਧਰ

ਚਰਨਜੀਵ ਸਿੰਘ

ਡਾ. ਅਮਰਜੀਤ ਸਿੰਘ

**ਸਲਾਹਕਾਰ**

ਡਾ. ਜੋਗਾ ਸਿੰਘ

ਮਨਦੀਪ ਸਿੰਘ

ਸੁਖਦੇਵ ਗੰਢਵਾ

**ਡਿਜ਼ਾਇਨਰ**

ਪਰਵਿੰਦਰ ਜੀਤ ਸਿੰਘ

**ਪ੍ਰਾਪਤੀ ਸ੍ਰੋਤ**

www.scapepunjab.com

ਸੰਪਰਕ ਅਤੇ ਪਤਾ

ਸਕੇਪ ਪੰਜਾਬ ਦਫ਼ਤਰ, ਫਗਵਾੜਾ

**ਮੋਬਾਇਲ**

+91 92178 89160,+91 98720 07176

ਈ-ਮੇਲ : scapepunjab@gmail.com

## ਤਤਕਰਾ

**ਸੰਪਾਦਕੀ**

ਪੜਦੇ ਦੇ ਅੰਦਰ ਦਾ ਜਮੀਨੀ ਸੱਚ....................... 3

**ਜਨਮ ਦਿਹਾੜੇ 'ਤੇ ਵਿਸ਼ੇਸ**

ਸ਼ਹੀਦ ਸਾਹਿਬਜ਼ਾਦਾ ਫਤਿਹ ਸਿੰਘ ਜੀ................. 4

**ਸਮਕਾਲੀਨ ਰਾਜਨੀਤਿਕ ਦ੍ਰਿਸ਼**

ਅੱਗ ਬੁਝਾ ਦਾ ਆਖਦਾ : ਵਾ ਵਗੇ ਜ਼ੋਰੋ ਜ਼ੋਰ।।......... 5

**ਅਧਿਐਨ ਵਿੱਚ ਮਾਂ ਬੋਲੀ ਦਾ ਮਹਤੱਵ**

ਖ਼ਤ.................................................... 7

**ਸਮਕਾਲੀ ਸਰੋਕਾਰ**

ਮੌਤ ਦੇ ਦਿਨ ਕਿੰਨੇ ਕੁ ਦੂਰ ਜਾਂ ਕਿੰਨੇ ਕੁ ਨੇੜੇ........ 8

**ਵਿਛੜੀ ਪ੍ਰਤਿਭਾਸ਼ਾਲੀ ਸ਼ਖਸਿਅਤ**

ਮਨਮੀਤ ਸਿੰਘ ਭੁੱਲਰ ਨੂੰ ਯਾਦ ਕਰਦਿਆਂ........... 10

**ਸੰਜੀਦਾ ਤੇ ਸੰਵੇਦਨਸ਼ੀਲ ਸ਼ਾਇਰ**

ਗੁਰਤੇਜ ਕੋਹਾਰਵਾਲ.................................. 12

**ਤਿੜਕ ਰਹੇ ਰਿਸ਼ਤਿਆਂ ਦੀ ਕਹਾਣੀ**

ਹਵਾੜ.................................................. 12

**ਤਿਲਸਮਈ ਕਹਾਣੀ**

ਜੀਵਨ ਦੀ ਬੁਨਿਆਦ................................ 13

**ਕਵਿਤਾਵਾਂ**

ਕੰਧੇ ਸਰਹੰਦ ਦੀਏ.......................................

21

ਐਬ ਨਸ਼ਿਆ ਦੇ..........................................

22

ਫੱਕਰ ............................................ .... 22

ਇੱਕ ਨਵੇਂ ਵਿਚਾਰ ਨਾਲ............................. 23

**ਜ਼ਰੂਰੀ ਸੂਚਨਾ: ਸਕੇਪ ਪੰਜਾਬ ਦਾ ਈ-ਮੈਗਜ਼ੀਨ 'ਪ੍ਰਤਿਬਿੰਬ'** ਮੁਫ਼ਤ ਮੈਗਜ਼ੀਨ ਹੈ ਜਿਸ ਦਾ ਤੁਸੀਂ ਸਕੇਪ ਪੰਜਾਬ ਦੀ ਵੈੱਬਸਾਇਟ ਤੋਂ ਉਤਾਰਾ ਕਰ ਸਕਦੇ ਹੋ। ਸਕੇਪ ਪੰਜਾਬ ਦਾ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਰਚਨਾਵਾਂ ਦੀ ਮੌਲਿਕਤਾ,ਨਵੀਨਤਾ ਦਾ ਅਧਿਕਾਰ ਖ਼ੁਦ ਲੇਖਕ ਦਾ ਹੋਵੇਗਾ।

## ਪੜਦੇ ਦੇ ਅੰਦਰਲਾ ਜਮੀਨੀ ਸੱਚ

ਸੰਪਾਦਕੀ

ਐੱਸ. ਬਲਵੰਤ



ਇਹ ਤਾਂ ਇਕ ਇਤਿਹਾਸਿਕ ਸਚ ਹੈ ਕਿ ਵਿਚਾਰ, ਭਾਸ਼ਾ ਤੇ ਸਾਹਿਤ ਮੰਨੁਖਤਾ ਦੀ ਉਨਤੀ ਤੇ ਸੁੰਦਰਤਾ `ਚ ਵਾਧਾ ਕਰਨ ਲਈ ਆਪਣਾ ਯੋਗਦਾਨ ਪਾਉਂਦੇ ਰਹੇ ਹਨ। ਕਿਤਾਬਾਂ ਨੇ ਦੁਨੀਆਂ ਭਰ ਵਿਚ ਚੰਗੇ ਸਮਾਜ ਦੀ ਉਨ੍ਹਤੀ `ਚ ਇੰਨ੍ਹਾ ਯੋਗਦਾਨ ਪਾਇਆ ਕਿ ਇਸ ਦੀ ਹੋਂਦ ਨੇ ਸੰਸਾਰ ਵਿਚ ਕਈ ਵਾਰ ਉਲਟ-ਪੁਲਟ ਕਰਵਾਈ। ਇਨਕਲਾਬ ਆਏ, ਸਮਾਜਵਾਦ ਹੋਂਦ ਵਿਚ ਆਇਆ। ਲੋਕਾਂ ਦੇ ਮਨਾਂ ਵਿਚ ਸਾਂਝੀਵਾਲਤਾ ਤੇ ਬਰਾਬਰੀ ਦਾ ਸੁਪਨਾ ਉਗਾਇਆ। ਮੰਨੁਖਤਾ ਦੀ ਸਭ ਤੋਂ ਪਹਿਲੀ ਲੋੜ ਰੋਟੀ ਕਪੜਾ ਤੇ ਮਕਾਨ ਨਾਂਅ ਦੀ ਜਰੂਰਤ ਪੂਰੀ ਕਰਨ ਲਈ ਗਾਰੰਟੀ ਪ੍ਰਦਾਨ ਕੀਤੀ।

ਸਿੱਖੀ ਨੂੰ ਹੋਂਦ ਵਿਚ ਲਿਆਉਣ ਵਾਲੇ ਇਸ ਦੇ ਮੋਢੀ ਗੁਰੂ ਨਾਨਕ ਦੇਵ ਜਾਤ-ਪਾਤ ਰਹਿਤ ਸੁਪਨਾ ਤਾਂ ਦੇ ਗਏ ਪਰ ਮਗਰਲੇ ਪੈਰੋਕਾਰਾਂ ਨੇ ਇਸ ਦਾ ਗੱਡਾ ਚਿੱਕੜ `ਚ ਹੀ ਫਸਾਈ ਰਖਿਆ ਤੇ ਅੱਜ ਇਹ ਸੁਪਨਾ ਹੋਰ ਵੀ ਪੂਰੀ ਤਰ੍ਹਾਂ ਵਿਵਾਦ-ਗ੍ਰਸਤ ਹੋਣ ਦੀ ਕਗਾਰ `ਤੇ ਖੜ੍ਹਾ ਹੈ।

ਭਾਰਤ ਨੂੰ ਆਜ਼ਾਦੀ ਦਿਵਾਉਣ ਵਿਚ ਵੀ ਕਿਤਾਬਾਂ ਦਾ ਵੱਡਾ ਯੋਗਦਾਨ ਰਿਹਾ। ਹੋਰ ਤਾਂ ਹੋਰ ਭਾਰਤ ‘ਚ ਤਾਂ ਇਸ ਨੂੰ ਇਨ੍ਹਾਂ ਸਨਮਾਨ ਦਿਤਾ ਗਿਆ ਕਿ ਅਸੀਂ ਕਿਤਾਬਾਂ ਚੁੰਮ ਚੁੰਮ ਰਖਦੇ ਹਾਂ।

ਸਾਹਿਤ ਦੀ ਨਰੋਈ ਸਾਂਝ ਦੀ ਉਮੀਦ ਕਰਕੇ ਚੰਗਾ ਤੇ ਨਰੋਆ ਸਾਹਿਤ ਸਮਾਜ ਨੂੰ ਪ੍ਰਦਾਨ ਹੋਵੇ ਲੇਖਕ ਨੂੰ ਉਤਸਾਹਿਤ ਕਰਨ ਲਈ ਉਸ ਦੀ ਕਿਰਤ ਦਾ ਮਾਣ ਕਰਦੇ ਹੋਏ ਉਸ ਨੂੰ ਸਨਮਾਨਿਤ ਕਰਨਾ ਸ਼ੁਰੂ ਕੀਤਾ। ਯੂਰਪੀ ਦੇਸ਼ਾਂ ਨੇ ਤਾਂ ਕਿਤਾਬਾਂ ਦੀ ਮਹਾਨਤਾ ਤੇ ਲੇਖਕਾਂ ਦੇ ਵਿਚਾਰਾਂ ਨੂੰ ਏਨ੍ਹਾ ਮਹਾਂਨ ਸਮਝਿਆ ਕਿ ਦੂਜੇ ਦੇਸ਼ਾਂ ਦੇ ਸੁਫ਼ਾਰਤਖ਼ਾਨਿਆ ਦੇ ਨਾਲ ਨਾਲ ਆਪਣੇ ਲੇਖਕਾਂ ਦੀਆਂ ਕਿਤਾਬਾਂ ਦੇ ਪ੍ਰਚਾਰ ਲਈ ਲਾਇਬ੍ਰੇਰੀਆਂ ਵੀ ਖੋਹਲੀਆਂ। ਦੋ ਪ੍ਰਬੰਧਾਂ--ਸਮਾਜਵਾਦੀ ਤੇ ਸਰਮਾਏਦਾਰੀ ਦੀ ਆਪਸੀ ਟੱਕਰ ਨੇ ਅਖੀਰ ਸਮਾਜਵਾਦੀ ਪ੍ਰਬੰਧ ਨੂੰ ਖਾ ਲਿਆ ਤੇ ਦੁਨੀਆਂ ਦੀ ਖਲਕਤ ਤੇ ਆਪਣੀ ਹਕੂਮਤ ਥੋਪਣ ਦੇ ਸੁਪਨੇ ਨੂੰ ਲੈ ਨਵੀਂਆਂ ਇਜਾਦਾਂ ਸ਼ੁਰੂ ਕੀਤੀਆਂ। ਸਭ ਤੋਂ ਪਹਿਲਾਂ ਇਸ ਨੇ ਹਿਰੋਇਜ਼ਮ ਦਾ ਖ਼ਾਤਮਾ ਕਰਨ ਦੀ ਠਾਨੀ। ਤੇ ਇਸ ਲਈ ਕੰਪਿਊਟਰ ਦੀ ਮਦਦ ਨਾਲ ਸਾਰੇ ਸੰਸਾਰ ਨੂੰ ਪਿੰਡ ਬਣਾ ਫੇਸਬੁਕ, ਵਟਸ-ਐਪ ‘ਤੇ ਹੋਰ ਸੰਬੰਧਤ ਯੰਤਰਾਂ ਨੇ ਮਿਲ ਕੇ ਸਭ ਕੁੱਝ ਨੂੰ ਗੁੜ-ਗੋਬਰ ਕਰ ਦਿਤਾ। ਹਰ ਕੋਈ ਰੰਮਤੇ ਦੇ ਕੱਦੂ `ਚ ਡੰਡਾ ਗੱਡਣ ਵਾਂਗ ਆਪੋ ਆਪਣੀ ਤੂਤੀ ਵਜਾਉਣ `ਚ ਮਸਰੂਫ਼ ਹੋ ਗਿਆ ਅਤੇ ਇਸ ਨੂੰ ਨਾਂ “ਟੇਲੇਂਟ ਹੰਟ” ਦਾ ਦੇ ਦਿੱਤਾ ਗਿਆ।

ਇਸੇ ਪ੍ਰਬੰਧ ਨੇ ਥਾਂ-ਥਾਂ ਆਪਣੇ ਲਈ ਜਸੂਸੀ ਦਾ ਜਾਲ ਵਿਛਾ ਦਿਤਾ ਤਾਂਕਿ ਕੋਈ ਨਵੀਂ ਤਾਕਤ ਜਾਂ ਇਕਲੀ ਸ਼ਕਤੀ ਉਭਰਨ ਦੀ ਕੋਸ਼ਿਸ਼ ਵੀ ਕਰੇ ਤਾਂ ਉਸ ਦੀ ਗਿਚੀ ਉਥੇ ਹੀ ਨਪ ਦਿਤੀ ਜਾ ਸਕੇ। ਭਾਵੇਂ ਉਸ ਉਮਰ `ਚ ਹੋਈਆਂ ਘਟਨਾਵਾਂ ਨੂੰ ਉਸ ਦੇ ਚਰਿਤਰ ਤੇ ਲਗੇ ਦਾਗ ਬਣਾ ਉਹਨਾਂ ਨੂੰ ਉਜਾਗਰ ਕਰਕੇ ਚਰਿਤਰਹੀਣਤਾ ਦੇ ਦਾਗ਼ ਬਣਾ ਤੇ ਭਾਵੇਂ ਤਾਕਤ ਨਾਲ ਉਹਨਾਂ ਨੂੰ ਪਾਸੇ ਕਰਵਾ ਦਿਤਾ। ਅੰਨਾ-ਹਜਾਰੇ, ਕੇਜਰੀਵਾਲ ਜਾਂ ਮਨਪ੍ਰੀਤ ਬਾਦਲ ਵਰਗੀਆਂ ਜਿਉਂਦੀਆਂ ਕਈ ਮਿਸਾਲਾਂ ਸਾਡੇ ਸਾਹਮਣੇ ਹਨ।

ਅੱਜ ਹਾਲਾਤ ਇਹ ਹਨ ਕਿ ਸਾਡੇ ਪਾਰਲੀਮੇਂਟ `ਤੇ ਹਮਲਾ ਕਰਨ ਵਾਲੇ ਦੇਸ਼ ਦੇ ਖਿਲਾਫ਼ ਕਾਰਵਾਈ ਲਈ ਦਸ ਮਹੀਨੇ ਸਰਹਦ `ਤੇ ਫੋਜਾਂ ਬਿਠਾ ਕੇ ਇਕ ਵੀ ਗੋਲੀ ਚਲਾਏ ਬਗੈਰ ਵਾਪਸ ਬੁਲਾਉ ਨੀਆਂ ਪੈਂਦੀਆਂ ਹਨ ਜਦਕਿ ਉਸ ਵੇਲੇ ਤੇ ਦੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ, ਲਾਲ ਕ੍ਰਿਸ਼ਨ ਅਡਵਾਨੀ ਵਰਗੇ ਨੇਤਾ ਇਸ ਐਕਸ਼ਨ ਨੂੰ ਆਰ-ਪਾਰ ਦੀ ਲੜਾਈ ਕਹਿੰਦੇ ਕਹਿੰਦੇ ਥਕ ਗਏ ਪਰ ਕਿਉਂਕਿ ਅਸਲੀ ਹਾਕਮ ਭਾਰਤ `ਚ ਥੋਹੜੇ ਹੀ ਬੈਠੇ ਹਨ ? ਭਾਵੇਂ ਉਹ ਖੁਦ ਸੋਵੀਅਤ ਯੂਨੀਅਨ ਨੂੰ ਤੋੜਨ ਲਈ ਸਦਾਮ ਹੁਸੈਨ ਜਾਂ ਪਾਕਿਸਤਾਨ ‘ਚ ਜਮੀਨੀ ਬੇਸ ਬਣਾਉਣ ਲਈ ਅਫਗਾਨਿਸਤਾਨ `ਤੇ ਵੀ ਚੜਾਈ ਕਰ ਸਕਦੇ ਹਨ ਔਰ ਮੁਸ਼ਰਫ ਜੈਸੇ ਹਾਕਮ ਨੂੰ ਵਰਗਲਾ ਕੇ ਜਮੀਨੀ ਬੇਸ ਬਣਾ ਸਕਦੇ ਹਨ.

ਇਹੀ ਮੁਦਾ ਹੈ ਇਥੇ ਇਹ ਜ਼ਿਕਰ ਕਰਨ ਦਾ ਕਿ ਹੈਰਾਨੀ ਹੁੰਦੀ ਹੈ ਜਦ ਮੋਦੀ ਵੇਵ ਚਲਦੀ ਹੈ ਜਾਂ ਧਾਰਮਿਕ ਕਟੜਵਾਦ ਦੀ ਆਪਹੁਦਰਾਸ਼ਾਹੀ ਚਲਦੀ ਹੈ ਤਾਂ ਸਾਡਾ ਬੁੱਧੀਜੀਵੀ ਵਰਗ ਵਧੀਆ ਸਾਹਿਤ ਰਚਣ

ਕਾਰਨ ਉਸ ਨੂੰ ਮਿਲਿਆ ਇਕ ਕਾਗਜ਼ ਦਾ ਟੁਕੜਾ ਵਾਪਸ ਕਰ ਕੇ ਆਪਣਾ ਵਿਰੋਧ ਜਤਾਉਂਦਾ ਹੈ?...ਬਸ...?

ਅੱਜ ਭਾਰਤ 'ਚ ਐਸਾ ਮਾਹੋਲ ਬਣਾਇਆ ਜਾ ਰਿਹਾ ਕਿ ਹਰ ਕੋਈ ਇਕ ਦੂਜੇ ਦੇ ਆਹਮਣੇ ਸਾਹਮਣੇ ਖੜਾ ਹੋ ਜਾਵੇ ਤੇ ਭਾਰਤ ਦੇ ਸਮੁਚੇ ਭਾਈਚਾਰੇ ਨੂੰ ਮਧੋਲ ਦਿਤਾ ਜਾਵੇ, ਪਰ ਹੈਰਾਨੀ ਹੁੰਦੀ ਹੈ ਕਿ ਜੇ ਇਸ ਸਮਸਿਆ ਨੂੰ ਸਾਡੇ ਬੁਧੀਜੀਵੀ ਹੀ ਨਹੀਂ ਸਮਝਣਗੇ ਤਾਂ ਕੀ ਉਹ ਲੋਕ ਸਮਝਣਗੇ ਜੋ ਇਕ ਅਫਵਾਹ ਸੁਣ ਉਸ ਭੀੜ ਦੇ ਮਗਰ ਲਗ ਜਾਂਦੇ ਹਨ ਜਿਸਦਾ ਉਨ੍ਹਾਂ ਨੂੰ ਮਕਸਦ ਵੀ ਨਹੀਂ ਪਤਾ ਹੁੰਦਾ ?

ਇਸ ਲਈ ਸਭ ਤੋਂ ਵਧ ਅੱਜ ਦੇ ਲੇਖਕ ਤੇ ਹੋਰ ਬੁਧੀਜੀਵੀਆਂ ਨੂੰ ਹੀ ਪੜਦੇ ਦੇ ਅੰਦਰਲੇ ਸਚ ਬਾਰੇ ਚਿੰਤਨ ਕਰ ਸਾਵਧਾਨ ਹੋਣ ਦੀ ਲੋੜ ਹੈ ਇਨਾਮਾ `ਚ ਮਿਲੇ ਕਾਗਜ਼ ਦੇ ਟੁਕੜੇ ਨੂੰ ਵਾਪਸ ਕਰ ਤਸਲੀ ਦੀ ਸਾਹ ਲੈਣ ਦੀ ਨਹੀਂ..

## ਸਾਹਿਤਕ ਪੁਸਤਕਾਂ ਦੀ ਆਮਦ












## ਜਨਮ ਦਿਹਾੜੇ ਤੇ ਵਿਸ਼ੇਸ਼

## ਸ਼ਹੀਦ ਸਾਹਿਬਜ਼ਾਦਾ ਫਤਹਿ ਸਿੰਘ ਜੀ

(ਗੁਰਤੇਜ਼ ਸੰਧੂ)



ਸਹਿਬਜ਼ਾਦਾ ਬਾਬਾ ਫਤਹਿ ਸਿੰਘ ਦਾ ਜਨਮ 12 ਦਸੰਬਰ 1699 ਈ: ਨੂੰ ਦਸਮ ਪਿਤਾ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਘਰ ਮਾਤਾ ਜੀਤੋ ਜੀ ਦੀ ਕੁੱਖੇ ਸ੍ਰੀ ਆਨੰਦਪੁਰ ਸਾਹਿਬ ਵਿਖੇ ਹੋਇਆ। ਆਨੰਦਪੁਰ ਛੱਡਣ ਪਿੱਛੋਂ ਸਰਸਾ ਨਦੀ ਦੇ ਕੰਢੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਨੂੰ ਅਨੇਕਾਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਮਾਤਾ ਸੁੰਦਰੀ ਜੀ (ਧਰਮ ਪਤਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਭਾਈ ਦਿਆ ਸਿੰਘ ਦੀ ਹਿਫਾਜਤ ਵਿੱਚ ਦਿੱਲੀ ਜਾ ਪੁੱਜੇ । ਗੁਰੂ ਜੀ ਦੇ ਮਾਤਾ ਗੁਜਰੀ ਜੀ ਦੋਵੇਂ ਸਹਿਬਜ਼ਾਦਿਆਂ ਜੋਰਾਵਰ ਸਿੰਘ ਤੇ ਫਤਿਹ ਸਿੰਘ ਆਪਣੇ ਘਰੇਲੂ ਰਸੋਈਏ ਗੰਗੂ ਬ੍ਰਾਹਮਣ ਸਮੇਤ,ਸਿੰਘਾਂ ਦੇ ਜਥੇ ਨਾਲੋਂ ਨਿਖੜ ਗਏ । ਰਸੋਈਆ ਗੰਗੂ ਉਨ੍ਹਾਂ ਨੂੰ ਆਪਣੇ ਪਿੰਡ ਸਹੇੜੀ ਵਿਖੇ ਆਪਣੇ ਘਰ ਲੈ ਆਇਆ। ਗੰਗੂ ਘਰ ਆ ਕੇ ਬੇਈਮਾਨ ਹੋ ਗਿਆਂ। ਮਾਤਾ ਜੀ ਦੇ ਪਾਸ ਬਹੁਤ ਸਾਰੀ ਨਕਦੀ ਤੇ ਹੋਰ ਕੀਮਤੀ ਸਮਾਨ ਵੇਖ ਕੇ ਨੀਅਤ ਬਦਲ ਗਈ। ਉਹ ਇੰਨ੍ਹਾਂ ਨੂੰ ਫੜ੍ਹਾ ਕੇ ਸਰਹੰਦ ਦੇ ਸੂਬੇ ਪਾਸੋਂ ਇਨਾਮ ਅਤੇ ਸ਼ੋਹਰਤ ਲੈਣਾ ਚਾਹੁੰਦਾ ਸੀ। ਦੂਜੇ ਦਿਨ ਸੂਬੇ ਦੇ ਹੁਕਮ ਤੇ ਮੋਰਿੰਡਾ ਥਾਣੇ ਦੀ ਪੁਲਸ ਨੇ ਮਾਤਾ ਜੀ ਤੇ ਉਸ ਦੇ ਦੋਵੇਂ ਸਾਹਿਬਜ਼ਾਦੇ ਫੜ ਲਏ ਗਏ ਤੇ ਤਿੰਨਾਂ ਨੂੰ ਸਰਹੰਦ ਦੇ ਇੱਕ ਠੰਡੇ ਬੁਰਜ ਵਿੱਚ ਕੈਦ ਕਰ ਦਿੱਤਾ ਗਿਆ। ਵਜੀਦ ਖਾਂ ਸੂਬਾ ਸਰਹੰਦ ਨੇ ਆਪਣੇ ਧਰਮ ਦੇ ਕਾਜੀਆਂ ਦੀ ਬੈਠਕ ਬਲਾਈ ਅਤੇ ਇਨ੍ਹਾਂ ਤਿੰਨਾਂ ਨੂੰ ਸਜਾ ਦੇਣ ਬਾਰੇ ਉਨ੍ਹਾਂ ਤੋਂ ਵਿਚਾਰ ਪੁੱਛੇ ਗਏ। ਉਲਮਾਵਾਂ ਫੈਸਲਾ ਦਿੱਤਾ ਕਿ ਇਹ ਇਸਲਾਮ ਕਬੂਲ ਕਰ ਲੈਣ ਜਾਂ ਮੌਤ ਲਈ ਤਿਆਰ ਹੋ ਜਾਣ।ਮਲੇਰਕੋਟਲਾ ਦਾ ਨਵਾਬ ਵੀ ਇਸ ਸਭਾ ਵਿੱਚ ਹਾਜਰ ਸੀ, ਉਸ ਨੇ ਇਨ੍ਹਾਂ ਛੋਟੇ ਬੱਚਿਆਂ ਦੀ ਹਮਦਰਦੀ ਵਿੱਚ ਹਾਅ ਦਾ ਨਾਅਰਾ ਮਾਰਦਿਆਂ ਇਸ ਫੈਸਲੇ ਨਾਲ ਅਸਹਿਮਤੀ ਪ੍ਰਗਟ ਕੀਤੀ ਕਿ ਇੰਨ੍ਹਾਂ ਮਸੂਮ ਬੱਚਿਆਂ ਨੂੰ ਇਹ ਸਜਾ ਨਾ ਦਿੱਤੀ ਜਾਵੇ,ਇਨ੍ਹਾਂ ਮਸੂਮ ਬਚਿਆਂ ਨੇ ਤੁਹਾਡਾ ਕੀ ਵਿਗਾੜਿਆ ਹੈ। ਮਲੇਰਕੋਟਲਾ ਦੇ ਨਵਾਬ ਨੇ ਕਿਹਾ ਕਿ ਦੁਸ਼ਮਣੀ ਤਾਂ ਇਨ੍ਹਾਂ ਦੇ ਪਿਤਾ ਨਾਲ ਹੈ। ਉਸ ਨਾਲ ਜੋ ਮਰਜੀ ਸਲੂਕ ਕਰੋ ਪਰ ਬੱਚਿਆਂ ਤੇ ਇਹ ਕਹਿਰ ਨਹੀਂ ਢਾਹੁਣਾ ਚਾਹੀਦਾ। ਵਜੀਦ ਖਾਂ ਵੀ ਮਲੇਰਕੋਟਲੇ ਦੇ ਨਵਾਬ ਦੀ ਇਸ ਦਲੀਲ ਨਾਲ ਸਹਿਮਤ ਹੋ ਗਿਆ ਸੀ। ਇਹ ਸਭ ਕੁਝ ਸੁਣ ਕੇ ਸੂਬੇ ਦਾ ਵਫਾਦਾਰ ਸੁੱਚਾ ਨੰਦ ਹਿੰਦੂ ਵਜੀਰ ਬੋਲਿਆ ਕਿ ਨਵਾਬ ਸਾਹਿਬ ਜੀ ਤੁਸੀ ਇਹ ਭੁੱਲ ਰਹੇ ਹੋ ਕਿ ਜੰਮਦੀਆਂ ਸੂਲਾਂ ਦੇ ਮੂੰਹ ਤਿੱਖੇ ਹੁੰਦੇ ਹਨ। ਦੁਸਮਣ ਦੇ ਪੁੱਤਰਾਂ ਤੇ ਤਰਸ

ਕਰਕੇ ਛੱਡ ਦੇਣਾ ਤਾਂ ਗਲਤ ਫੈਸਲਾ ਹੈ ਅਤੇ ਤੁਸੀ ਇਸ ਸਮੇਂ ਇੰਨ੍ਹਾਂ ਨੂੰ ਸਜਾ ਦੇਣ ਤੋਂ ਰਿਆਇਤ ਕੀਤੀ ਤਾਂ ਇਹ ਆਪਣੇ ਪਿਤਾ ਨਾਲ ਰਲਕੇ ਤੁਹਾਡਾ ਜਿਉਣਾ ਹਰਾਮ ਕਰ ਦੇਣਗੇ। ਸੂਬੇ ਨੂੰ ਸੁੱਚਾ ਨੰਦ ਵੱਲੋਂ ਦਿੱਤੀ ਗਈ ਇਸ ਸਲਾਹ ਦੀ ਸਭਾ ਚ ਬੈਠੇ ਕਾਜ਼ੀਆਂ ਨੇ ਵੀ ਹਮਾਇਤ ਕੀਤੀ। ਉਨ੍ਹਾਂ ਸਹਿਬਜ਼ਾਦਿਆਂ ਨੂੰ ਮੌਤ ਜਾਂ ਇਸਲਾਮ ਕਬੂਲ ਕਰ ਲੈਣ ਦਾ ਫਤਵਾ ਸੁਣਾ ਦਿੱਤਾ ਗਿਆ। ਇਸ ਸਭ ਕੁਝ ਸੁਣਕੇ ਨਵਾਬ ਮਲੇਰਕੋਟਲਾ ਅਜਿਹੇ ਅਣਮਨੁੱਖੀ ਅਤੇ ਗੈਰ ਲੋਕਰਾਜ਼ੀ ਫਤਵੇ ਦੇ ਰੋਸ ਵਜੋਂ ਭਰੀ ਕਚਹਿਰੀ ਵਿੱਚੋਂ ਉੱਠ ਕੇ ਬਾਹਰ ਚਲਾ ਗਿਆ। ਉਸ ਸਮੇਂ ਸਾਹਿਬਜ਼ਾਦਾ ਫਤਹਿ ਸਿੰਘ ਜੀ ਪੰਜ ਸਾਲਾਂ ਦੇ ਸਨ। ਕਾਜ਼ੀਆਂ ਨੇ ਉਨ੍ਹਾਂ ਨੂੰ ਦੁਬਾਰਾ ਫਿਰ ਆਪਣੀ ਜਾਨ ਬਚਾਓਣ ਲਈ ਇਸਲਾਮ ਕਬੂਲ ਕਰ ਲੈਣ ਦੀ ਸਲਾਹ ਦਿੱਤੀ ਗਈ,ਪਰ ਉਨ੍ਹਾਂ ਬੜੇ ਹੌਸ਼ਲੇ ਤੇ ਬੁਲੰਦ ਅਵਾਜ਼ ਨਾਲ ਕਿਹਾ ਕਿ ਮੌਤ ਨਾਲੋਂ ਸਾਨੂੰ ਧਰਮ ਪਿਆਰਾ ਹੈ ਅਤੇ ਉਨ੍ਹਾਂ ਕਿਹਾ ਕਿ ਉਹ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪੁੱਤਰ ਹਨ ਜੋ ਮੌਤ ਤੋਂ ਨਹੀਂ ਡਰਦੇ। ਤੁਸੀ ਆਪਣਾ ਸਾਰਾ ਜੋਰ ਲਾ ਵੇਖੋ ਪਰ ਜਬਰ ਅੱਗੇ ਸਬਰ ਨੇ ਝੁਕਣਾ ਨਹੀਂ। ਉਨ੍ਹਾਂ ਸਾਹਮਣੇ ਕਾਜ਼ੀਆਂ ਦਾ ਫੈਸਲਾ ਰੱਖਿਆ ਗਿਆ, ਪਰ ਸਿਦਕ ਦੇ ਪੱਕੇ ਗੁਰੂ ਬੇਟਿਆਂ ਨੇ ਇਸਲਾਮ ਕਬੂਲਣ ਦੇ ਮੁਕਾਬਲੇ ਮੌਤ ਨੂੰ ਹੀ ਪਹਿਲ ਦਿੱਤੀ। ਇਸਲਾਮ ਧਰਮ ਨਾ ਕਬੂਲ ਕਰਨ ਤੇ ਮਾਸੂਮ ਤੇ ਬੇਕਸੂਰ ਬੱਚਿਆਂ ਨੂੰ ਮੌਤ ਦੀ ਸਜਾ ਸੁਣਾ ਦਿੱਤੀ। ਸਹਿਬਜ਼ਾਦਿਆਂ ਨੂੰ ਦੀਵਾਰ ਵਿੱਚ ਚਿਣ ਕੇ ਆਖਿਰ ਸ਼ਹੀਦ ਕਰ ਦਿੱਤਾ ਗਿਆ। ਇਨ੍ਹਾਂ ਦੋਨਾਂ ਨਿੱਕੀਆਂ ਜਿੰਦਾਂ ਨੂੰ ਸ਼ਹੀਦ ਕਰਕੇ ਸੂਬੇ ਨੇ ਸਮਝਿਆ ਕਿ ਉਸ ਨੇ ਵੱਡੀ ਮੱਲ ਮਾਰ ਲਈ ਹੈ। ਕੁਝ ਅਰਸੇ ਪਿੱਛੋਂ ਮਹਾਨ ਯੋਧਾ ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹੰਦ ਤੇ ਹਮਲਾ ਕਰਕੇ ਸਹਿਰ ਦੀ ਇੱਟ ਨਾਲ ਇੱਟ ਖੜਕਾ ਕੇ, ਮਸੂਮ ਜਿੰਦੜੀਆਂ ਦੇ ਕਾਤਲਾਂ ਤੋਂ ਗਿਣ-ਗਿਣ ਬਦਲੇ ਲਏ।

**ਮੁਬਾਰਕਬਾਦ - ਮੁਬਾਰਕਬਾਦ - ਮੁਬਾਰਕਬਾਦ**

ਸਕੇਪ ਪੰਜਾਬ ਸੰਸਥਾ ਦੇ ਸਮੂਹ ਅਹੁਦੇਦਾਰਾ ਵਲੋਂ ਮਨਦੀਪ ਸਿੰਘ ਸਕੱਤਰ ਸਕੇਪ ਪੰਜਾਬ ਨੂੰ ਉਸ ਦੇ ਮਿਤੀ 29 ਨਵੰਬਰ 2015 ਨੂੰ ਹੋਏ ਵਿਆਹ ਦੀਆਂ ਲੱਖ-ਲੱਖ ਵਧਾਈਆਂ।



## ਸਮਕਾਲੀਨ ਰਾਜਨੀਤਿਕ ਦ੍ਰਿਸ਼

**ਅੱਗ ਬੁਝਾਉਂਦਾ ਆਖਦਾ : ਵਾ ਵਗੇ ਜ਼ੋਰੋ ਜ਼ੋਰ॥**

ਗੁਰਮੀਤ ਪਲਾਹੀ



ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਉੱਪ-ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਬਠਿੰਡਾ 'ਚ ਰੈਲੀ ਕਰਨ ਦੀ ਚੁਣੌਤੀ ਕਬੂਲ ਕਰਦਿਆਂ ਕਾਂਗਰਸ ਵੱਲੋਂ ਅਕਾਲੀ ਦਲ ਦੀ ਸਦਭਾਵਨਾ ਰੈਲੀ ਵਾਲੀ ਜਗ੍ਹਾ 'ਤੇ ਹੀ ਵੱਡੀ ਰੈਲੀ ਕਰਨ ਦਾ ਐਲਾਨ ਕੀਤਾ ਹੈ। ਇੱਕ ਦਿਨ ਪਹਿਲਾਂ ਉਨ੍ਹਾ ਅਕਾਲੀ ਦਲ ਨੂੰ ਰੈਲੀਆਂ ਬੰਦ ਕਰ ਕੇ ਪੰਜਾਬ ਦੇ ਕਿਸਾਨਾਂ ਦੀ ਹਾਲਤ ਸੁਧਾਰਨ ਵੱਲ ਤਵੱਜੋ ਦੇਣ ਦੀ ਨਸੀਹਤ ਕੀਤੀ ਸੀ।

23 ਨਵੰਬਰ ਦੀ ਬਠਿੰਡਾ ਰੈਲੀ ਵਿੱਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਸਾਡੀਆਂ ਸਦਭਾਵਨਾ ਰੈਲੀਆਂ ਨਾ ਤਾਂ ਰਾਜਨੀਤਕ ਹਨ ਅਤੇ ਨਾ ਕਿਸੇ ਨਿੱਜੀ ਮੁਫਾਦ ਲਈ ਕੀਤੀਆਂ ਜਾ ਰਹੀਆਂ ਹਨ। ਦੂਜੇ ਪਾਸੇ ਇਸੇ ਰੈਲੀ ਨੂੰ ਸੰਬੋਧਨ ਕਰਦਿਆਂ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ 2017 ਦੀਆਂ ਆਉਣ ਵਾਲੀਆਂ ਚੋਣਾਂ ਲਈ ਵੀ ਅਕਾਲੀ ਦਲ ਤਿਆਰ-ਬਰ-ਤਿਆਰ ਹੈ ਅਤੇ ਇਸ ਰੈਲੀ ਨੂੰ 2017 ਦੇ ਚੋਣ ਯੁੱਧ ਦੀ ਸ਼ੁਰੂਆਤ ਸਮਝਿਆ ਜਾਵੇ।

ਸਰਬੱਤ ਖ਼ਾਲਸਾ ਦੇ ਮੁਕਾਬਲੇ ਆਪਣੀ ਵੱਡੀ ਸ਼ਕਤੀ ਵਿਖਾਉਣ ਵਾਲੀ ਇਸ ਰੈਲੀ 'ਚ ਨੇਤਾਵਾਂ ਦੇ ਇਹ ਦੋ-ਮੂੰਹੇਂ ਬੋਲ ਤੇ ਸਾਬਕਾ ਮੁੱਖ ਮੰਤਰੀ ਦਾ ਇੱਕ ਪਾਸੇ ਬਾਦਲਾਂ ਨੂੰ ਰੈਲੀਆਂ ਕਰ ਕੇ ਪੈਸੇ, ਸਮਾਂ ਬਰਬਾਦ ਨਾ ਕਰਨ ਦੀ ਨਸੀਹਤ ਤੋਂ ਬਾਅਦ ਆਪ ਰੈਲੀ ਕਰਨ ਦਾ ਐਲਾਨ, ਕੀ ਇਹ ਨੇਤਾਵਾਂ ਦੇ ਦੂਹਰੇ ਕਿਰਦਾਰ ਦੀ ਵੱਡੀ ਉਦਾਹਰਣ ਨਹੀਂ? ਕੀ ਇਹ ਵੱਡੇ ਨੇਤਾ ਪੰਜਾਬ ਦੇ ਮਸਲਿਆਂ-ਸਮੱਸਿਆਵਾਂ ਤੋਂ ਪਾਸਾ ਵੱਟ ਕੇ ਸਿਰਫ਼ ਆਪਣੀਆਂ ਰਾਜਸੀ ਰੋਟੀਆਂ ਸੇਕਣ ਦੇ ਰਾਹ ਨਹੀਂ ਤੁਰੇ ਹੋਏ? ਜੇ ਅੱਜ ਬਾਦਲਾਂ ਨੇ ਲੱਖਾਂ ਦੀ ਭੀੜ ਇਕੱਠੀ ਕੀਤੀ, ਸਰਬੱਤ ਖ਼ਾਲਸਾ ਵਾਲਿਆਂ ਵੱਡਾ ਇਕੱਠ ਕੀਤਾ ਤੇ ਕਾਂਗਰਸੀਆਂ ਨੇ ਉਸ ਤੋਂ ਵੀ ਵੱਡੀ ਰੈਲੀ ਕਰਨ ਦੀ ਠਾਣ ਲਈ ਹੈ, ਤਾਂ ਇਸ ਸਭ ਕੁਝ ਤੋਂ ਪੰਜਾਬ ਦੇ ਹਿੱਤਾਂ ਦੀ ਖ਼ਾਤਰ ਕੁਝ ਲੱਭਿਆ ਜਾ ਸਕਦਾ ਹੈ? ਕੀ ਨਿੱਤ ਆਰਥਿਕ ਤੰਗੀ ਕਾਰਨ ਮਰ ਰਹੇ ਕਿਸਾਨਾਂ, ਮਹਿੰਗਾਈ ਦੀ ਮਾਰ ਝੱਲ ਰਹੇ ਲੋਕਾਂ ਨੂੰ ਕੋਈ ਰਾਹਤ ਮਿਲਣ ਦੀ ਆਸ ਬੱਝ ਰਹੀ ਹੈ? ਕੀ ਇਹ ਰੈਲੀਆਂ ਸਿਰਫ਼ ਤੇ ਸਿਰਫ਼ ਲੋਕਾਂ ਦਾ ਧਨ, ਲੋਕਾਂ ਦਾ ਪੈਸਾ ਬਰਬਾਦ ਕਰਨ ਦੇ ਤੁਲ ਨਹੀਂ, ਜੋ ਪਹਿਲਾਂ ਹੀ ਕਰਜ਼ਾਈ ਹੋਏ ਨਿਰਾਸ਼ਤਾ ਦੇ ਆਲਮ ਵਿੱਚ ਖ਼ੁਦਕੁਸ਼ੀਆਂ ਵਰਗਾ ਗ਼ੈਰ-ਕੁਦਰਤੀ ਕਰਮ ਕਰਨ ਲਈ ਮਜਬੂਰ ਹੋ ਰਹੇ ਹਨ?

ਜ਼ਰਾ ਕੁ ਧਿਆਨ ਕਰੋ ਗੁੜ੍ਹੇ ਹੋਏ ਸਿਆਸਤਦਾਨ, ਮੁੱਖ ਮੰਤਰੀ ਪੰਜਾਬ ਪ੍ਰਕਾਸ਼ ਸਿੰਘ ਬਾਦਲ ਦੇ ਉਸ ਬਿਆਨ ਵੱਲ, ਜਿਸ ਵਿੱਚ ਉਨ੍ਹਾ ਪੰਜਾਬ ਦੇ ਘੱਟ-ਗਿਣਤੀ ਭਾਈਚਾਰੇ ਨੂੰ ਡਰਾਉਣ ਲਈ ਇੱਕ ਅਜਿਹੇ ਖ਼ਤਰਨਾਕ ਨਾਹਰੇ ਦਾ ਵਰਨਣ ਆਪਣੇ ਹਿੱਤਾਂ ਲਈ ਕਰਨ ਤੋਂ ਗੁਰੇਜ਼ ਨਹੀਂ ਕੀਤਾ। ਬਾਦਲ ਸਾਹਿਬ ਨੇ ਕਿਹਾ ਕਿ ਪੰਜਾਬ ਦੇ ਕਾਲੇ ਦਿਨਾਂ ਦੌਰਾਨ ਮਨੁੱਖਤਾ-ਵਿਰੋਧੀ ਅਨਸਰਾਂ ਵੱਲੋਂ ਇਹ ਨਾਹਰਾ ਲਾ ਕੇ ਆਪਣੇ ਨਾਪਾਕ ਇਰਾਦਿਆਂ ਦਾ ਪ੍ਰਗਟਾਵਾ ਕੀਤਾ ਜਾਂਦਾ ਸੀ, 'ਪਹਿਲਾਂ ਵੱਢਾਂਗੇ ਮੋਨੇ, ਫੇਰ ਵੱਢਾਂਗੇ ਛੋਨੇ'। ਇਹ ਚਰਚਾ ਕਰਦਿਆਂ ਜਿੱਥੇ ਉਨ੍ਹਾ ਗੁਰਚਰਨ ਸਿੰਘ ਟੌਹੜਾ ਤੇ ਜਥੇਦਾਰ ਜਗਦੇਵ ਸਿੰਘ ਤਲਵੰਡੀ ਉੱਤੇ ਹੋਏ ਕਾਤਲਾਨਾ ਹਮਲਿਆਂ ਦਾ ਜ਼ਿਕਰ ਕੀਤਾ, ਉਥੇ ਭਾਜਪਾ ਆਗੂ ਹਿੱਤ ਅਭਿਲਾਸ਼ੀ ਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਸ਼ਹਾਦਤ ਦਾ ਵੀ ਜ਼ਿਕਰ ਕੀਤਾ। ਜੇ ਬਾਦਲ ਸਾਹਿਬ ਪੰਜਾਬ ਦੀ ਮੌਜੂਦਾ ਖ਼ਰਾਬ ਹੋ ਰਹੀ ਸਥਿਤੀ ਨੂੰ ਨੱਥ ਪਾ ਕੇ ਵੱਖੋ-ਵੱਖਰੀਆਂ ਪਾਰਟੀਆਂ ਦੇ ਵਰਕਰਾਂ ਜਾਂ ਪੰਜਾਬ 'ਚ ਘੁੱਗ ਵਸਦੇ ਫ਼ਿਰਕਿਆਂ ਦੇ ਬੇਲੋੜੇ ਟਕਰਾਅ ਨੂੰ ਰੋਕਣਾ ਚਾਹੁੰਦੇ ਹਨ ਜਾਂ ਟਕਰਾਅ ਹੋਣ ਹੀ ਨਹੀਂ ਦੇਣਾ ਚਾਹੁੰਦੇ ਤਾਂ ਫਿਰ ਕਾਲੇ ਦਿਨਾਂ ਦੀ ਯਾਦ ਦੁਆ ਕੇ ਉਨ੍ਹਾਂ ਦੇ ਜ਼ਖ਼ਮਾਂ ਨੂੰ ਛੇੜਨਾ ਕਿਉਂ ਚਾਹੁੰਦੇ ਹਨ?

ਭਾਰਤ ਦੇਸ਼, ਜਿਹੜਾ ਜਾਤੀ-ਫ਼ਿਰਕੂ ਵੰਡ, ਫ਼ਿਰਕੂ ਝਗੜਿਆਂ ਅਤੇ ਅਸਹਿਣਸ਼ੀਲਤਾ ਦੀ ਅੱਗ ਦਾ ਸੇਕ ਪਹਿਲਾਂ ਹੀ ਝੱਲ ਰਿਹਾ ਹੈ, ਜਿੱਥੇ ਫ਼ਿਰਕੂ ਆਗੂ ਇਸ ਅੱਗ ਨੂੰ ਹੋਰ ਤੇਜ਼ ਕਰਨ ਲਈ ਪੁੱਠੇ-ਸਿੱਧੇ ਬਿਆਨ ਦੇ ਰਹੇ ਹਨ, ਉਸ ਵੇਲੇ ਪੰਜਾਬ ਵਰਗੇ ਸਰਹੱਦੀ ਸੂਬੇ, ਜਿਸ ਨੇ ਪਹਿਲਾਂ ਸੰਤਾਲੀ ਦਾ ਸੰਤਾਪ ਝੱਲਿਆ, ਪਾਕਿਸਤਾਨ ਨਾਲ ਜੰਗਾਂ ਦੀ ਤਬਾਹੀ ਵੇਖੀ, ਸਾਲ ਚੁਰਾਸੀ ਨੂੰ ਪਿੰਡੇ ਝੱਲਿਆ, ਕੀ ਉਹ ਗਵਾਰਾ ਕਰ ਸਕਦਾ ਹੈ ਕਿ ਉਸ ਨੂੰ ਤਪਦੀ ਭੱਠੀ 'ਚ ਮੁੜ ਝੋਕਿਆ ਜਾਵੇ? ਉਨ੍ਹਾਂ ਹਿਰਦਿਆਂ ਨੂੰ ਪੁੱਛਿਆਂ ਹੀ ਜਾਣੀਏ, ਉਨ੍ਹਾਂ ਕਾਲੇ ਦਿਨਾਂ ਦੀ ਦਾਸਤਾਨ, ਜਿਨ੍ਹਾਂ ਦੇ ਪੁੱਤ ਮਾਰੇ ਗਏ, ਜਿਨ੍ਹਾਂ ਦੇਸ਼ 'ਚ ਕਤਲੇਆਮ ਝੱਲਿਆ, ਵੇਖਿਆ ਤੇ ਜਿਹੜੇ ਹੁਣ ਤੱਕ ਉਦੋਂ ਦੀਆਂ ਚੀਸਾਂ ਹੰਢਾ ਰਹੇ ਹਨ! ਨੇਤਾ ਲੋਕ ਕੀ ਜਾਣਨ ਉਨ੍ਹਾਂ ਲੋਕਾਂ ਦੇ ਦਰਦ, ਪੀੜਾਂ, ਦੁੱਖ?

ਦੁਨੀਆ ਦੇ ਸਭ ਤੋਂ ਵੱਡੇ ਕਹੇ ਜਾ ਰਹੇ ਲੋਕਤੰਤਰ ਦੇ ਲੋਕਾਂ, ਜਿਨ੍ਹਾਂ ਨੂੰ ਵੱਖੋ-ਵੱਖਰੇ ਧਰਮਾਂ, ਧਰਮ ਗੁਰੂਆਂ ਦੇ ਸੰਦੇਸ਼ ਨੇ ਸਦਾ ਸਹਿਣਸ਼ੀਲਤਾ ਦਾ ਪਾਠ ਪੜ੍ਹਾਇਆ; ਇਕੱਠੇ ਰਹਿਣ, ਸਦਭਾਵਨਾ ਅਤੇ ਭਾਈਚਾਰਕ ਏਕਤਾ ਰੱਖਣ ਦਾ ਸੰਦੇਸ਼ ਦਿੱਤਾ, ਉਸੇ ਦੇਸ਼ ਵਿੱਚ ਵਰ੍ਹਿਆਂ ਦੇ ਵਰ੍ਹੇ, ਹਰ ਵਰ੍ਹੇ ਸੈਂਕੜਿਆਂ ਦੀ ਗਿਣਤੀ 'ਚ ਲੋਕ ਫ਼ਿਰਕੂ ਹਿੰਸਾ ਦਾ ਸ਼ਿਕਾਰ ਹੋ ਰਹੇ ਹਨ। ਭਾਰਤ ਦੇ ਗ੍ਰਹਿ ਮੰਤਰਾਲੇ ਦੀ ਇੱਕ ਰਿਪੋਰਟ ਅਨੁਸਾਰ ਇਸ ਸਾਲ ਦੇ ਸ਼ੁਰੂ ਤੋਂ ਅਕਤੂਬਰ ਤੱਕ ਫ਼ਿਰਕੂ ਦੰਗਿਆਂ 'ਚ ਦੇਸ਼ ਦੇ ਵੱਖੋ-ਵੱਖਰੇ ਹਿੱਸਿਆਂ 'ਚ 90 ਲੋਕਾਂ ਦੀ ਮੌਤ ਹੋਈ, ਜਦੋਂ ਕਿ ਪਿਛਲੇ ਵਰ੍ਹੇ ਅਕਤੂਬਰ ਤੱਕ 86 ਲੋਕ ਮਰੇ ਸਨ। ਰਿਪੋਰਟ ਮੁਤਾਬਕ ਇਸ ਸਾਲ ਅਕਤੂਬਰ 2015 ਤੱਕ 1899 ਲੋਕ ਜ਼ਖ਼ਮੀ ਹੋਏ। ਪਿਛਲੇ ਸਾਲ ਇਨ੍ਹਾਂ ਦਸ ਮਹੀਨਿਆਂ ਤੱਕ 1688 ਲੋਕ ਜ਼ਖ਼ਮੀ ਹੋਏ ਸਨ। ਇਹ ਰਿਪੋਰਟ ਦੱਸਦੀ ਹੈ ਕਿ ਪਿਛਲੇ ਸਾਲ ਨਾਲੋਂ ਫ਼ਿਰਕੂ ਦੰਗਿਆਂ ਦੀਆਂ ਵਾਰਦਾਤਾਂ 'ਚ ਵਾਧਾ ਹੋਇਆ ਹੈ।

ਇਹ ਵਾਧਾ ਫ਼ਿਰਕੂ ਦੰਗਿਆਂ ਦੀਆਂ ਵਾਰਦਾਤਾਂ 'ਚ ਹੀ ਨਹੀਂ ਹੋਇਆ, ਫ਼ਿਰਕੂ ਬਿਆਨਾਂ 'ਚ ਵੀ ਹੋਇਆ ਹੈ; ਬਿਆਨ ਜਿਹੜੇ ਆਮ ਤੌਰ 'ਤੇ ਬਹੁ-ਗਿਣਤੀ ਫ਼ਿਰਕੇ ਦੇ ਵੱਡੇ ਨੇਤਾਵਾਂ, ਧਾਰਮਿਕ ਆਗੂਆਂ ਵੱਲੋਂ ਬੇਬਾਕ ਹੋ ਕੇ ਦਿੱਤੇ ਗਏ ਹਨ। ਇਹਨਾਂ ਨੇ ਘੱਟ-ਗਿਣਤੀ ਫ਼ਿਰਕਿਆਂ ਦੇ ਲੋਕਾਂ ਦੇ ਮਨਾਂ ਵਿੱਚ ਸਹਿਮ ਤਾਂ ਪੈਦਾ ਕੀਤਾ ਹੀ ਹੈ, ਲੋਕਾਂ ਦੇ ਆਪਸੀ ਪਿਆਰ 'ਚ ਦੂਰੀ ਵੀ ਵਧਾਈ ਹੈ। ਹੈਰਾਨੀ ਹੁੰਦੀ ਹੈ, ਜਦੋਂ ਦੇਸ਼ ਦਾ ਪ੍ਰਧਾਨ ਮੰਤਰੀ ਵਿਦੇਸ਼ਾਂ ਦੇ ਦੌਰਿਆਂ ਸਮੇਂ ਆਪਸੀ ਇੱਕਜੁੱਟਤਾ ਦਾ ਪਾਠ ਪੜ੍ਹਾਉਂਦਾ ਹੈ, ਪਰ ਦੇਸ਼ 'ਚ ਵਾਪਰੀਆਂ ਫ਼ਿਰਕੂ ਘਟਨਾਵਾਂ ਉੱਤੇ ਮੂੰਹ ਸੀਤੀ ਰੱਖਦਾ ਹੈ। ਹੈਰਾਨੀ ਉਦੋਂ ਵੱਧ ਹੁੰਦੀ ਹੈ, ਜਦੋਂ ਆਸਾਮ ਸੂਬੇ ਦਾ ਗਵਰਨਰ ਪੀ ਬੀ ਅਚਾਰੀਆ ਇਹ ਕਹਿਣ 'ਚ ਫਖ਼ਰ ਮਹਿਸੂਸ ਕਰਦਾ ਹੈ ਕਿ ਹਿੰਦੋਸਤਾਨ ਹਿੰਦੂਆਂ ਲਈ ਹੈ। ਮੌਜੂਦਾ ਸਰਕਾਰ ਦੀ ਇਹੋ ਜਿਹੇ ਬਿਆਨਾਂ ਉੱਤੇ ਚੁੱਪੀ ਉਸ ਦੇ ਦੂਹਰੇਪਣ ਦਾ ਸਬੂਤ ਨਹੀਂ? ਕੀ ਇਹੋ ਜਿਹੇ ਨੇਤਾਵਾਂ, ਵੱਡੇ ਸਰਕਾਰੀ ਅਹੁਦਿਆਂ ਉੱਤੇ ਬੈਠੇ ਵੱਡੇ ਅਫ਼ਸਰਾਂ ਦੀਆਂ ਕੋਝੀਆਂ ਹਰਕਤਾਂ ਨਾਲ ਦੇਸ਼ ਦੀ ਫ਼ਿਰਕੂ ਏਕਤਾ ਭੰਗ ਨਹੀਂ ਹੁੰਦੀ ਅਤੇ ਦੇਸ਼ ਦਾ ਦੁਨੀਆ ਭਰ 'ਚ ਮੰਨਿਆ ਜਾਣ ਵਾਲਾ ਧਰਮ-ਨਿਰਪੱਖ, ਲੋਕਤੰਤਰਿਕ ਦੇਸ਼ ਵਾਲਾ ਅਕਸ ਧੁੰਦਲਾ ਨਹੀਂ ਹੁੰਦਾ? ਰਾਜਸੀ ਪਾਰਟੀਆਂ ਆਪਣੀ ਕੁਰਸੀ ਪੱਕੀ ਕਰਨ ਲਈ ਜਿਸ ਕਿਸਮ ਦੀਆਂ ਚਾਲਾਂ ਚੱਲ ਰਹੀਆਂ ਹਨ, ਕੀ ਉਹ ਅਸਲ ਵਿੱਚ ਲੋਕਾਂ ਨਾਲ ਵੱਡਾ ਧਰੋਹ ਕਮਾਉਣ ਸਮਾਨ ਨਹੀਂ?

ਦੇਸ਼ ਵਿੱਚ ਵੱਖੋ-ਵੱਖਰੇ ਥਾਂਵਾਂ ਉੱਤੇ ਸੂਝਵਾਨ ਲੋਕਾਂ ਉੱਤੇ ਫ਼ਿਰਕੂ ਆਧਾਰ ਉੱਤੇ ਹਮਲੇ ਕੀਤੇ ਗਏ। ਉਨ੍ਹਾਂ ਦੀ ਜ਼ਬਾਨ ਬੰਦ ਕਰਨ ਦੇ ਯਤਨਾਂ ਨੇ ਲੋਕਾਂ ਨੂੰ ਝੰਜੋੜਿਆ ਹੈ। ਬਹੁ-ਗਿਣਤੀ ਫ਼ਿਰਕੇ ਨਾਲ ਜੁੜੇ ਕੁਝ ਲੋਕਾਂ ਦੀ ਵੱਡੀ ਧੱਕੇਸ਼ਾਹੀ, ਰੋਹਬ-ਦਾਬ, ਸੀਨਾਜ਼ੋਰੀ ਨੇ ਘੱਟ - ਗਿਣਤੀ ਫ਼ਿਰਕਿਆਂ ਪ੍ਰਤੀ ਸਹਿਮ ਦਾ ਮਾਹੌਲ ਪੈਦਾ ਕੀਤਾ ਹੈ। ਉੱਪਰੋਂ ਜਦੋਂ ਕੋਈ ਆਮਿਰ ਖ਼ਾਨ ਇਹੋ ਜਿਹੀ ਸਥਿਤੀ ਬਾਰੇ ਟਿੱਪਣੀ ਕਰਦਾ ਆਖਦਾ ਹੈ ਕਿ ਦੇਸ਼ 'ਚ ਵਾਪਰੀਆਂ ਕਈ ਘਟਨਾਵਾਂ ਤੋਂ ਉਹ ਘਬਰਾਏ ਹੋਏ ਹਨ ਅਤੇ ਇਥੋਂ ਤੱਕ ਕਿ ਉਨ੍ਹਾ ਦੀ ਪਤਨੀ ਕਿਰਨ ਰਾਓ ਨੇ ਸੁਝਾਅ ਦਿੱਤਾ ਸੀ ਕਿ ਉਨ੍ਹਾਂ ਨੂੰ ਦੇਸ਼ ਛੱਡ ਜਾਣਾ ਚਾਹੀਦਾ ਹੈ, ਤਾਂ ਦੇਸ਼ 'ਚ ਇੱਕ ਬਵਾਲ ਖੜ੍ਹਾ ਕਰ ਦਿੱਤਾ ਜਾਂਦਾ ਹੈ। ਥਾਂ-ਥਾਂ ਉਨ੍ਹਾਂ ਵਿਰੁੱਧ ਨਾਹਰੇ ਲਾਏ ਜਾ ਰਹੇ ਹਨ। ਉਨ੍ਹਾਂ ਵਿਰੁੱਧ ਬਿਆਨ ਦਿੱਤੇ ਜਾ ਰਹੇ ਹਨ। ਆਮ ਆਦਮੀ ਜੇ ਸੱਚ ਕਹਿਣ ਦੀ ਜੁਰਅੱਤ ਕਰਦਾ ਹੈ ਤਾਂ

ਹੰਗਾਮਾ ਕੇਹਾ? ਜੇ ਫ਼ਿਰਕੂ ਘਟਨਾਵਾਂ ਬਾਰੇ ਸਰਕਾਰ ਹੱਥ ’ਤੇ ਹੱਥ ਧਰ ਕੇ ਬੈਠੀ ਰਹਿੰਦੀ ਹੈ ਤਾਂ ਸੱਚ ਦੀ ਬੋਲੀ ਨਾਲ ਉਹ ਕਿਉਂ ਹਿੱਲਦੀ ਹੈ? ਕਿਉਂ ਸੱਚ ਅਤੇ ਸਿਰਫ਼ ਤੇ ਸਿਰਫ਼ ਸੱਚ ਸੁਣਨ ਦੀ ਉਸ ਵਿੱਚ ਹਿੰਮਤ ਨਹੀਂ?

ਪਿਛਲੇ ਦਿਨਾਂ ’ਚ ਹੋਈਆਂ ਬਿਹਾਰ ਵਿਧਾਨ ਸਭਾ ਦੀਆਂ ਚੋਣਾਂ ਨੇ ਅਸਲ ਮਾਅਨਿਆਂ ’ਚ ਫ਼ਿਰਕਾ ਆਧਾਰਤ ਪਾਰਟੀਆਂ ਦੇ ਕਿਰਦਾਰ ਨੂੰ ਪੂਰੀ ਤਰ੍ਹਾਂ ਨੰਗਾ ਕਰ ਦਿੱਤਾ ਹੈ। ਇਸ ਚੋਣ ਵਿੱਚ ਜਿਹੜੇ ਹਾਰੇ ਹਨ, ਉਨ੍ਹਾਂ ਨੂੰ ਤਾਂ ਇਹ ਗੱਲ ਸਮਝ ਆ ਗਈ ਹੋਵੇਗੀ ਕਿ ਅਯੁੱਧਿਆ ਦੇ ਮੰਦਰ, ਉੱਤਰ ਪ੍ਰਦੇਸ਼ ਦੇ ਇੱਕ ਪਿੰਡ ’ਚ ਅਫਵਾਹ ਕਾਰਨ ਭੀੜ ਵੱਲੋਂ ਕੀਤੇ ਇੱਕ ਮੁਸਲਮਾਨ ਦਾ ਕਤਲ ਜਾਂ ਸਿਰਫ਼ ਫ਼ਿਰਕਿਆਂ ਦੀ ਵੰਡ ਦੀ ਸਿਆਸਤ ਨੇ ਉਨ੍ਹਾਂ ਪੱਲੇ ਕੁਝ ਨਹੀਂ ਪਾਇਆ ਅਤੇ ਜਿੱਤੇ ਹੋਇਆਂ ਨੇ ਵੀ ਸਮਝ ਲਿਆ ਹੋਵੇਗਾ ਕਿ ਜਾਤ-ਬਰਾਦਰੀ ਆਧਾਰਤ ਰਾਜਨੀਤੀ ਚਿਰ-ਰਹਿਣੀ ਨਹੀਂ ਹੋ ਸਕਦੀ।

ਪੰਜਾਬ ’ਚ 2017 ਦੀ ਚੋਣ ਲਈ, ਜੋ ਪਾਰਟੀਆਂ ਫ਼ਿਰਕਿਆਂ ਦੀ ਵੰਡ ਵਾਲੀ ਸਿਆਸਤ ਖੇਡਣ ਦੀਆਂ ਮਾਹਰ ਹਨ, ਆਪਣੇ ਵੱਲੋਂ ਚਿਰੋਕਣਾ ਪਹਿਲਾਂ ਹੀ ਮਾਹੌਲ ਨੂੰ ਗੰਧਲਾ ਕਰਨ ਤੁਰ ਪਈਆਂ ਹਨ, ਜੋ ਪਹਿਲਾਂ ਹੀ ਬੁਰੇ ਦਿਨ ਭੁਗਤ ਰਹੇ ਲੋਕਾਂ ਲਈ ਹੋਰ ਬੁਰੇ ਦਿਨ ਆਉਣ ਦਾ ਸੂਚਕ ਹੈ। ਇਹ ਨੇਤਾ ਆਖਦੇ ਇਹ ਹਨ ਕਿ ਪੰਜਾਬ ’ਚ ਸ਼ਾਂਤੀ ਹੋਵੇ, ਸਦਭਾਵਨਾ ਹੋਵੇ, ਫ਼ਿਰਕਿਆਂ ’ਚ ਏਕਤਾ ਹੋਵੇ, ਆਪਸੀ ਫ਼ਸਾਦ ਨਾ ਹੋਣ, ਪਰ ਅੰਦਰੋ-ਗਤੀ ਪੰਜਾਬ ਦੇ ਸ਼ਾਂਤ ਪਾਣੀਆਂ ਨੂੰ ਅੱਗ ਲਾਉਣ ਦੇ ਆਹਰ ’ਚ ਹਨ। ਨਹੀਂ ਤਾਂ ਕਿਉਂ ਧਾਰਮਿਕ ਖੇਡ ਖੇਡੀ ਗਈ? ਕਿਉਂ ਸ਼ਾਂਤ ਬੈਠੇ ਰੋਸ ਪ੍ਰਗਟ ਕਰ ਰਹੇ ਲੋਕਾਂ ਉੱਤੇ ਗੋਲੀਆਂ ਚੱਲੀਆਂ? ਅਤੇ ਫਿਰ ਲੋਕ ਰੋਹ ਨੂੰ ਸ਼ਾਂਤ ਕਰਨ ਲਈ ਸਦਭਾਵਨਾ ਰੈਲੀਆਂ ਅਤੇ ਮੁੜ ਬਰੋਬਰ ਰਾਜਨੀਤਕ ਰੈਲੀਆਂ ਕਰਨ ਦਾ ਪ੍ਰਪੰਚ ਕੀਤਾ ਜਾ ਰਿਹਾ ਹੈ? ਅਸਲ ਵਿੱਚ ਤਾਂ ਨੇਤਾ

**ਆਪੇ ਝੁੱਗਾ ਫੂਕਦਾ ਆਪੇ ਕਰਦਾ ਸ਼ੋਰ!**
**ਅੱਗ ਬੁਝਾਉਂਦਾ ਆਖਦਾ : ਵਾ ਵਗੇ ਜ਼ੋਰੋ ਜ਼ੋਰ!!**
**(ਮੁਸ਼ਤਾਕ ਸੂਫ਼ੀ, ਪਾਕਿਸਤਾਨੀ ਪੰਜਾਬੀ ਸ਼ਾਇਰ)**


**ਸਪਤਰਿਸ਼ੀ**

ਪੰਜਾਬੀ ਦੇ ਸਤ ਪ੍ਰਸਿੱਧ ਸ਼ਾਇਰਾਂ/ਗੀਤਕਾਰਾਂ ਦੀਆਂ ਰਚਨਾਵਾਂ ਦਾ ਸੁਮੇਲ ਹੈ ਸਪਤਰਿਸ਼ੀ ਕਾਵਿ-ਸੰਗ੍ਰਹਿ।

**ਪਤਾ:** ਬਸੰਤ ਸੁਹੇਲ, ਪਬਲਿਕੇਸ਼ਨ, ਸਤਨਾਮਪੁਰਾ, ਫਗਵਾੜਾ (144402)
9872120620





## ਅਧਿਐਨ ਵਿੱਚ ਮਾਂ ਬੋਲੀ ਦਾ ਮਹਤੱਵ

**ਵਰੁਣ ਕੁਮਾਰ ਦੇ ਦ੍ਰਿਸ਼ਟਿਕੋਣ ’ਚ ਡਾ. ਜੋਗਾ ਸਿੰਘ ਨੂੰ ਲਿਖਿਆ ਖ਼ਤ**

**(ਗ਼ੈਰ ਮਾਂ-ਬੋਲੀ ਵਾਲਿਆ ਲਈ ਇੱਕ ਵਧਿਆ ਉਦਾਹਰਣ)**

“ਮੈਂ ਇੱਕ ਸਰਕਾਰੀ ਸਕੂਲ ‘ਚ ਲੁਧਿਆਣੇ ਇੱਕ ਟਿਊਟਰ ਵੱਜੋਂ ਬੱਚਿਆਂ ਨੂੰ ਭੌਤਿਕ ਵਿਗਿਆਨ (ਫਿਜਿਕਸ) ਪੜ੍ਹਾਉਂਦਾ ਹਾਂ ਤੇ ਆਪਣੇ ਕੋਚਿੰਗ ਸੈਂਟਰ ‘ਤੇ ਐਮ.ਐਸ-ਸੀ ਗਨਿਤ ਦੇ ਬੱਚਿਆਂ ਨੂੰ ਪੜ੍ਹਾਉਂਦਾ ਹਾਂ। ਮੇਰੇ ਕੋਲ ਜੋ ਬੱਚੇ ਪੜ੍ਹਦੇ ਹਨ, ਪਹਿਲਾਂ ਵੀ ਉਹ ਸਰਕਾਰੀ ਸਕੂਲ ਤੋਂ ਆਏ ਹੁੰਦੇ ਨੇ ਤੇ ਅੰਗਰੇਜ਼ੀ ਘੱਟ ਆਉਣ ਕਰਕੇ ਉਹ ਆਪਣੇ ਆਪ ਨੂੰ ਨਲਾਇਕ ਸਮਝਣ ਲੱਗ ਜਾਂਦੇ ਸੀ। ਪਰ ਮੈਂ ਤੁਹਾਡਾ ਲੈਕਚਰ ਕੁਝ ਸਾਲ ਪਹਿਲਾਂ ਪੱਖੋਵਾਲ ਪਿੰਡ ਦੇ ਸਕੂਲ ਪਹੁੰਚ ਕੇ ਲਾਇਆ ਸੀ ਤੇ ਉਸ ਦਿਨ ਤੋਂ ਬਾਅਦ ਮੇਰਾ ਪੜ੍ਹਾਉਣ ਦਾ ਤਰੀਕਾ ਬਦਲ ਗਿਆ। ਮੈਂ ਬੱਚਿਆਂ ਨੂੰ ਦੱਸਦਾ ਹਾਂ ਕਿ ਅੰਗਰੇਜ਼ੀ ਕੋਈ ਵਿਦਵਾਨ ਹੋਣ ਦਾ ਇਕੱਲਾ ਸਾਧਨ ਨਹੀਂ ਸਗੋਂ ਇਸ ਤੋਂ ਬਿਨਾਂ ਵੀ ਦੁਨੀਆਂ ਦੇ ਹਰ ਵਿਗਿਆਨ ਨੂੰ ਸਿੱਖਿਆ ਜਾ ਸੱਕਦਾ ਹੈ। ਮੇਰੇ ਬੱਚੇ ਪੰਜਾਬੀ ਵਿੱਚ ਭੌਤਿਕ ਵਿਗਿਆਨ ਦੇ ਕੋਈ ਵੀ ਵਿਸ਼ੇ ‘ਤੇ ਬਹੁਤ ਕੁੱਝ ਦੱਸ ਸੱਕਦੇ ਨੇ ਤੇ ਮੈਨੂੰ ਖੁਸ਼ੀ ਹੈ ਕਿ ਮੈਂ ਵਧੀਆ ਵਿਗਿਆਨੀ ਤੇ ਵਧੀਆ ਡਾਕਟਰ ਬਣਾ ਰਿਹਾ ਹਾਂ। ਅੰਗਰੇਜ਼ੀ ਬੋਲਣ ਦੀ ਰੇਸ ‘ਚ ਲੱਗੇ ਹੋਏ ਇਨਸਾਨ ਨਹੀਂ ਹੋਣਗੇ ਮੇਰੇ ਵਿਦਿਆਰਥੀ। ਮਾਤ ਭਾਸ਼ਾ ਵਿੱਚ ਵਿਗਿਆਨ ਪੜ੍ਹਾਉਣ ਨਾਲ ਮੈਂ ਖੁਦ ਨੂੰ ਅਸਲੀ ਜਿਹਾ ਮਹਿਸੂਸ ਕਰਨ ਲੱਗਾ ਹਾਂ।

ਮੈਂ ਟੋਪੋਲੋਜੀ ਅਤੇ ਫੀਲਡ ਥਿਓਰੀ ਵੀ ਪੰਜਾਬੀ ‘ਚ ਪੜ੍ਹਾਉਂਦਾ ਹਾਂ ਤੇ ਆਪ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਮੇਰੇ ਹੀ ਐਮ.ਐਸ-ਸੀ ਦੇ ਵਿਦਿਆਰਥੀ ਪੰਜਾਬ ਯੂਨੀਵਰਸਿਟੀ ਦੇ ਟਾਪਰ ਵੀ ਰਹੇ ਨੇ 2012, 2013 ਤੇ 2014 ਵਿੱਚ ਲਗਾਤਾਰ, ਕਿਉਂਕਿ ਟੋਪੋਲੋਜੀ ਨੂੰ ਪੰਜਾਬੀ ‘ਚ ਪੜ੍ਹਨ ਵਾਲੇ ਬੱਚੇ ਹੀ ਉਸਨੂੰ ਸਮਝ ਪਾਂਦੇ ਨੇ। ਜੋਗਾ ਜੀ, ਮੈਂ ਕਾਨਵੈਂਟ ਦੇ ਬੱਚਿਆਂ ਨੂੰ ਵੀ ਭੌਤਿਕ ਵਿਗਿਆਨ (ਫਿਜਿਕਸ) ਪੜ੍ਹਾਇਆ ਹੈ। ਸੱਚੀ ਏਨਾ ਬੁਰਾ ਹਾਲ ਮੈਂ ਕਦੇ ਨਹੀਂ ਦੇਖਿਆ ਬੱਚਿਆਂ ਦਾ। ਉਹਨਾਂ ਨੂੰ ਭੌਤਿਕ ਵਿਗਿਆਨ ਤਾਂ ਕੀ ਆਉਣਾ, ਅੰਗਰੇਜ਼ੀ ਮਾਧਿਅਮ ਵਾਲਿਆਂ ਨੂੰ ਅੰਗਰੇਜ਼ੀ ਵੀ ਸਾਡੇ ਤੋਂ ਵਧੀਆ ਨਹੀਂ ਆਉਂਦੀ, ਜਦ ਕਿ ਮੈਂ ਪੰਜਾਬੀ ਮਾਧਿਅਮ ‘ਚ ਹੀ ਦਸਵੀਂ ਤੱਕ ਪੜ੍ਹਿਆ ਸੀ ਆਪ। ਮੈਂ ਆਪ ਦੀ ਇਸ ਲੜਾਈ ‘ਚ ਤੁਹਾਡਾ ਸੱਚਾ ਸਾਥੀ ਬਣਾਂਗਾ। ਪੰਜਾਬੀ ‘ਚ ਹਰ ਇੱਕ ਵਿਗਿਆਨ ਨੂੰ ਪੜ੍ਹਾਉਣ ਤੇ ਸਮਝਾਉਣ ਦੇ ਲੇਖੇ ਹੀ ਲਾਵਾਂਗਾ ਆਪਣੀ ਜਿੰਦਗੀ। ਮੈਂ ਛੋਟੇ-ਛੋਟੇ ਬੱਚਿਆਂ ਨੂੰ ਜਦੋਂ ਅੰਗਰੇਜ਼ੀ ਮਾਧਿਅਮ ਸਕੂਲ ਦੀ ਬੱਸ ‘ਚ ਜਾਂਦਾ ਦੇਖਦਾ ਹਾਂ ਤਾਂ ਮੇਰੀ ਆਤਮਾ ਕੰਬ ਜਾਂਦੀ ਹੈ। ਮੈਨੂੰ ਇਹ ਤੇ ਪਤਾ ਸੀ ਕਿ ਕੁਝ ਗਲਤ ਹੋ ਰਿਹਾ ਹੈ ਪਰ ਮੈਨੂੰ ਸਹੀ ਦਿਸ਼ਾ

ਆਪ ਜੀ ਦੇ ਉਸ ਲੈਕਚਰ ਤੋਂ ਮਿਲੀ ਸੀ ਜਦੋਂ ਮੈਂ ਪੱਖੋਵਾਲ ਪਿੰਡ ਦੇ ਇੱਕ ਸਕੂਲ ਵਿੱਚ ਤੁਹਾਨੂੰ ਸੁਣਿਆ ਸੀ। ਉਸ ਦਿਨ ਨੂੰ ਮੈਂ ਕਦੇ ਨਹੀਂ ਭੁੱਲ ਸੱਕਦਾ। ਉਸ ਦਿਨ ਹੀ ਮੇਰੇ ਅਧਿਆਪਨ ਨੂੰ ਇੱਕ ਨਵੀਂ ਦਿਸ਼ਾ ਤੇ ਇੱਕ ਨਵਾਂ ਮਕਸਦ ਮਿਲਿਆ ਸੀ। ਤੁਸੀਂ ਆਪਣੇ ਮਕਸਦ ਵਿੱਚ ਜਰੂਰ ਕਾਮਯਾਬ ਹੋਵੋਗੇ, ਜੋਗਾ ਜੀ, ਕਿਉਂਕਿ ਤੁਸੀਂ ਮਨੁੱਖ ਨੂੰ ਮਨੁੱਖ ਹੋਣਾ ਸਿਖਾ ਰਹੇ ਹੋ। ਉਸਨੂੰ ਉਸ ਦੀ ਮਾਤ ਭਾਸ਼ਾ ਦੇ ਕੇ ਇੱਕ ਅਨਾਥ ਵਾਂਗੂ ਜੀਣ ਤੋਂ ਬਚਾ ਰਹੇ ਹੋ। ਇਹ ਕਾਨਵੈਂਟ ਤੇ ਅੰਗਰੇਜ਼ੀ ਮਾਧਿਅਮ ਸਕੂਲਾਂ ਦੇ ਬੱਚਿਆਂ ਨਾਲ ਵੀ ਮੇਰੀਆਂ ਭਾਵਨਾਵਾਂ ਜੁੜੀਆਂ ਨੇ ਜੋਗਾ ਜੀ, ਕਿ ਇਹਨਾਂ ਬੱਚਿਆਂ ਨੂੰ ਬਚਾ ਲਈਏ ਆਪਾਂ।"

## ਸਮਕਾਲੀ ਸਰੋਕਾਰ

### ਮੌਤ ਦੇ ਦਿਨ ਕਿੰਨੇ ਕੁ ਦੂਰ ਜਾਂ ਕਿੰਨੇ ਕੁ ਨੇੜੇ

(ਗੁਰਚਰਨ ਪਖੋਵਾਲ)



ਸਾਡੇ ਦੇਸ਼ ਦੇ 90 ਪਤੀਸ਼ਤ ਲੋਕਾਂ ਦੀ ਇਹ ਧਾਰਨਾ ਬਣ ਚੁੱਕੀ ਹੈ ਕਿ ਰਿਸ਼ਵਤ ਦਿੱਤੇ ਬਿਨ੍ਹਾਂ ਕੋਈ ਵੀ ਕੰਮ ਸਿਰੇ ਨਹੀ ਲੱਗਣਾ, ਤੇ ਇਹ ਹੈ ਵੀ ਇੱਕ ਕੌੜੀ ਸੱਚਾਈ। ਜਿੰਨ੍ਹਾਂ ਚਿਰ ਕਿਸੇ ਵੀ ਫਾਇਲ ਨੂੰ ਪਹੀਏ ਨਹੀ ਲੱਗਦੇ (ਭਾਵ ਰਿਸ਼ਵਤ ਨਹੀਂ ਮਿਲਦੀ) ਉਹ ਅਗਲੇ ਟੇਬਲ ਜਾਂ ਕਹਿ ਲਵੋ ਕਿ ਅਗਲੇ ਅਫਸਰ ਕੋਲ ਪਹੁੰਚਦੀ ਹੀ ਨਹੀ। ਕੁਝ ਸਮਾਂ ਪਹਿਲਾਂ ਅਖ਼ਬਾਰਾਂ ਦੀ ਸੁਰਖੀ ਵਿੱਚ ਇੱਕ ਖ਼ਬਰ ਸੀ ਕਿ ਇਕ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਕੋਲ ਕੰਮ ਕਰਵਾਉਣ ਵਾਲਿਆਂ ਦੀ ਬੜੀ ਲੰਬੀ ਲਾਈਨ ਲੱਗੀ ਸੀ, ਉਨ੍ਹਾਂ ਵਿੱਚ 70 ਸਾਲ ਦਾ ਬਜ਼ੁਰਗ ਵੀ ਆਪਣੀ ਵਾਰੀ ਦੀ ਉਡੀਕ ਕਰ ਰਿਹਾ ਸੀ, ਅਤਿ ਦੀ ਗਰਮੀ ਵਿੱਚ ਜਦੋਂ ਉਸ ਬਜ਼ੁਰਗ ਦੀ ਵਾਰੀ ਆਈ ਤਾਂ ਉਸਨੇ ਬੇ-ਝਿਜਕ 10 ਹਜ਼ਾਰ ਰੁਪਏ ਦੀ ਗੁੱਟੀ ਮੇਜ਼ ਤੇ ਰੱਖ ਕੇ ਆਪਣਾ ਕੰਮ ਛੇਤੀ ਕਰਨ ਦੀ ਡੀ.ਸੀ ਸਾਹਿਬ ਨੂੰ ਬੇਨਤੀ ਕੀਤੀ। ਡੀ.ਸੀ ਸਾਹਿਬ ਨੇ ਗੁੱਸੇ ਵਿੱਚ ਆ ਕੇ ਉਸ ਆਦਮੀ ਤੇ ਪੁਲਿਸ ਕਾਰਵਾਈ ਕਰਨ ਲਈ ਕਿਹਾ, ਕਿਉਂਕਿ ਉਹ ਸਭਨਾਂ ਦੇ ਸਾਹਮਣੇ ਰਿਸ਼ਵਤ ਦੇ ਰਿਹਾ ਸੀ, ਪਰ ਇਹ ਕੰਮ ਚੋਰੀ ਕਰਨ ਵਾਲਾ ਹੁੰਦਾ ਹੈ। ਪਰ ਦੂਸਰੇ ਹੀ ਪਲ ਉਮਰ ਦੇ ਤਕਾਜੇ ਨਾਲ ਉਸਨੂੰ ਚਿਤਾਵਨੀ ਦੇ ਕੇ ਛੱਡ ਦਿੱਤਾ ਗਿਆ। ਹੁਣ ਸੋਚਣ ਵਾਲੀ ਗੱਲ ਹੈ ਕਿ ਉਸ 70 ਵਰ੍ਹਿਆਂ ਦੇ ਬਜ਼ੁਰਗ ਨੇ ਜਿਲ੍ਹੇ ਦੇ ਉਚ ਅਧਿਕਾਰੀ ਨੂੰ ਰਿਸ਼ਵਤ ਦੇਣ ਦੀ ਕੋਸ਼ਿਸ਼ ਕਿਉਂ ਕੀਤੀ? ਜਵਾਬ ਸਹਿਜੇ ਹੀ ਮਿਲ ਜਾਵੇਗਾ ਕਿ 90 ਫੀਸਦੀ ਲੋਕਾਂ ਵਿੱਚ ਇਹ ਧਾਰਨਾ ਬਣ ਚੁੱਕੀ ਹੈ ਕਿ ਕੁਝ ਦਿੱਤੇ ਬਿਨ੍ਹਾਂ ਕੁਝ ਵੀ ਕੰਮ ਨਹੀ ਹੋਣਾ। ਪਹਿਲਾਂ ਕੋਈ ਵੀ ਵਿਅਕਤੀ ਥੱਕਿਆ ਹਾਰਿਆ ਜਦੋਂ ਦਫ਼ਤਰ ਦੀ ਦੂਜੀ ਜਾਂ ਤੀਜੀ ਮੰਜ਼ਿਲ ਤੇ ਪਹੁੰਚਦਾ ਹੈ ਤਾਂ ਸਬੰਧਤ ਅਫ਼ਸਰ ਦੇ ਅੱਗੇ ਉਸਦਾ ਸਾਹ ਉੱਖੜਿਆ ਹੋਇਆ ਹੁੰਦਾ ਹੈ। ਅੰਦਰ ਜਾਕੇ ਉਹ ਬੜੀ ਹੀ ਅਧੀਨਗੀ ਨਾਲ ਬਾਬੂ ਨੂੰ ਆਪਣਾ ਕੰਮ ਕਰਨ ਲਈ ਬੇਨਤੀ ਕਰਦਾ ਹੈ, ਅੱਗੇ ਤੋਂ ਬਾਬੂ ਉਸ ਆਦਮੀ (ਅਸਾਮੀ) ਦੀ ਸਿਰ ਤੋਂ ਪੈਰਾਂ ਤੱਕ 1 ਮਿੰਟ ਵਿੱਚ ਸਕੈਨਿੰਗ ਕਰਕੇ ਕਹਿ ਦਿੰਦਾ ਹੈ ਕਿ ਅੱਜ ਤਾਂ ਸਰਕਾਰੀ ਕੰਮ ਦਾ ਕਾਫੀ ਜ਼ੋਰ ਹੈ ਤੂੰ ਕੱਲ੍ਹ ਨੂੰ ਆਵੀਂ। ਅਗਲੇ ਦਿਨ ਆਉਣ ਨਾਲੋਂ ਬਾਬੂ ਦੀ ਮੁੱਠੀ ਗਰਮ ਕਰਨਾ ਹੀ ਬਿਹਤਰ ਸਮਝਿਆ ਜਾਂਦਾ ਹੈ, ਕਿਉਂਕਿ ਅਗਲੇ ਦਿਨ ਇੱਕ ਤਾਂ ਖੱਜਲ-ਖੁਆਰੀ ਹੋਵੇਗੀ ਅਤੇ ਹੋ ਸਕਦਾ ਹੈ ਕਿ ਸਰਕਾਰੀ ਕੰਮ ਦਾ ਹੋਰ ਵੀ ਜ਼ਿਆਦਾ ਬੋਝ ਹੋਵੇ। ਇਸੇ ਤਰ੍ਹਾਂ ਇੱਕ ਅਨਜਾਣ ਵਿਅਕਤੀ ਨੇ ਕਿਸੇ ਦਫ਼ਤਰ ਦੇ ਬਾਬੂ ਨੂੰ ਕੰਮ ਕਰਨ ਲਈ ਕਿਹਾ ਅਤੇ ਤਰਲਾ ਕੀਤਾ ਕਿ ਮੇਰਾ ਕੰਮ ਜਲਦੀ ਕੀਤਾ ਜਾਵੇ, ਕਿਉਂਕਿ ਮੈਂ ਪਹਿਲਾਂ ਹੀ ਦਫ਼ਤਰ ਦੇ ਕਾਫੀ ਚੱਕਰ ਲਗਾ ਚੁੱਕਾ ਹਾਂ। ਬਾਬੂ ਨੇ ਕਿਹਾ ਕਿ ਕੰਮ ਤਾਂ ਹੋ ਜਾਵੇਗਾ, ਪਰ 'ਚਾਹ-ਪਾਣੀ' ਦੀ ਸੇਵਾ? ਭੋਲੇ ਅਤੇ ਅਨਜਾਣ ਵਿਅਕਤੀ ਨੇ ਬਾਬੂ ਦਾ ਮੋਢਾ ਪਸਦਿਆਂ ਕਿਹਾ ਕਿ ਦੁਨੀਆਂ ਵਿੱਚ ਚੰਗੇ ਬੰਦਿਆਂ ਦਾ ਕੋਈ ਕਾਲ ਨਹੀਂ, ਚਾਹ-ਪਾਣੀ ਦੀ ਤਾਂ ਲੋੜ ਨਹੀ, ਹੁਣੇ ਹੀ ਅੱਡੇ ਤੋਂ ਪੀ ਕੇ ਆਇਆਂ ਹਾਂ, ਬੱਸ ਇਹ ਕੰਮ ਛੇਤੀ ਕਰ ਦਿਓ ! ਰੱਬ ਤੇਰਾ ਭਲਾ ਕਰੇ। ਭਲਾਂ ਉਸ ਭੋਲੇ ਵਿਅਕਤੀ ਨੂੰ ਕੀ ਪਤਾ ਕਿ ਦਫ਼ਤਰੀ ਭਾਸ਼ਾ ਵਿੱਚ 'ਜੇਬ ਸੇਵਾ' ਲਈ ਲੋਕ ਸੇਵਾ ਵਾਲੇ ਸ਼ਬਦ 'ਚਾਹ-ਪਾਣੀ' ਦੀ ਵਰਤੋਂ ਕੀਤੀ ਜਾਂਦੀ ਹੈ। ਦਫ਼ਤਰਾਂ ਵਿੱਚ ਇਹ ਅਕਸਰ ਹੀ ਹੁੰਦਾ ਹੈ ਕਿ ਜਦੋਂ ਕੋਈ ਵਿਅਕਤੀ ਫਾਈਲ ਲੈ ਕੇ ਕਿਸੇ ਬਾਬੂ ਕੋਲ ਜਾਂਦਾ ਹੈ ਤਾਂ ਬਾਬੂ ਦਾ ਜਵਾਬ ਹੁੰਦਾ ਹੈ ਕਿ ਦਰਖਾਸਤ ਅਫਸਰ ਤੋਂ ਮਾਰਕ ਕਰਾਕੇ ਲਿਆਓ। ਦਫ਼ਤਰ ਦੇ ਗਧੀ-ਗੇੜਿਆਂ ਤੋਂ ਅਣਜਾਨ ਬੁਝੇ ਜਿਹੇ ਮਨ ਨਾਲ ਅਰਜ਼ੀ ਲੈ ਕੇ ਉਹ ਸਬੰਧਤ ਅਫ਼ਸਰ ਕੋਲ ਜਾਂਦਾ ਹੈ ਤਾਂ ਅਫ਼ਸਰ ਆਪਣੇ ਅਧੀਨ ਦੂਜੇ ਅਫ਼ਸਰ ਨੂੰ ਮਾਰਕ ਕਰ ਦਿੰਦਾ ਹੈ। ਫਿਰ ਉਹੀ ਵਿਅਕਤੀ ਉਸ ਅਫ਼ਸਰ ਕੋਲ ਤਰਲਾ ਕਰਦਾ ਹੈ। ਕੰਮ ਪੂਰਾ ਹੋਣ ਤੇ ਜਦ ਵਿਅਕਤੀ ਪਹਿਲੇ ਥਾਂ ਤੇ ਪਹੁੰਚਦਾ ਹੈ ਅਤੇ ਦਸਤਖ਼ਤ ਕਰਾਉਣ ਦੀ ਗੱਲ ਕਹਿੰਦਾ ਹੈ ਕਿ ਲਓ ਜੀ ਅਫ਼ਸਰ ਨੇ ਸਾਈਨ ਕਰ ਦਿੱਤੇ ਹਨ ਤਾਂ ਘੜਿਆ-ਘੜਾਇਆ ਜਵਾਬ ਮਿਲਦਾ ਹੈ ਕਿ 1 ਹਫ਼ਤੇ ਤੱਕ ਪਤਾ ਕਰ ਲੈਣਾ। ਪਰ ਵਿਅਕਤੀ ਸੋਚਦਾ ਸੀ ਕਿ ਦਸਤਖ਼ਤ ਤਾਂ ਹੋ ਗਏ ਹਨ, ਹੁਣ ਤਾਂ ਪੂਛ ਹੀ ਅੜੀ ਹੋਈ ਹੈ।

ਹਫ਼ਤੇ ਬਾਦ ਦੇ ਚੱਕਰ ਤੋਂ ਬਾਅਦ ਵੀ ਜਦੋਂ ਨਿਰਾਸ਼ਤਾ ਹੀ ਪੱਲੇ ਪੈਂਦੀ ਹੈ ਤਾਂ ਉਹ ਵਿਚਾਰਾ ਖੱਜਲ-ਖੁਆਰੀ ਤੋਂ ਬਚਨ ਲਈ ਸੌਦਾ ਤੈਅ ਕਰਨਾ ਹੀ ਯੋਗ ਸਮਝਦਾ ਹੈ। ਇੱਕੜ-ਦੁੱਕੜ ਥਾਵਾਂ ਨੂੰ ਛੱਡ ਕੇ ਬਾਕੀ ਸਾਰੀਆਂ ਥਾਵਾਂ ਤੇ ਹੀ ਸੌਦੇ ਤੈਅ ਹੁੰਦੇ ਹਨ। ਇੱਥੇ ਹੀ ਬਸ ਨਹੀਂ ਦਫ਼ਤਰਾਂ ਵਿੱਚ ਅਮਲੇ ਦਾ ਸੀਟਾਂ ਤੇ ਬੈਠਣਾ ਫਾਇਲਾਂ ਦੇ ਢੇਰ ਨੂੰ ਨਾਂ ਨਿਪਟਾਉਣਾ ਵੀ ਆਪਣੇ ਆਪ ਵਿੱਚ ਭ੍ਰਿਸ਼ਟਾਚਾਰ ਹੈ ਬਿਨ੍ਹਾਂ ਕੰਮ ਕੀਤਿਆਂ ਹੀ ਤਨਖਾਹ ਪਾਪਤ ਕਰਨੀ ਆਵਦੀ ਜਮੀਰ ਵੇਚਣੀ ਲੋਕਾਂ

ਅਤੇ ਸਰਕਾਰ ਨਾਲ ਸਰਾਸਰ ਧੋਖਾ ਹੈ। ਇਹੋ ਜਿਹੇ ਕੇਸ ਵੀ ਆਮ ਹੀ ਦੇਖਣ ਨੂੰ ਮਿਲਦੇ ਹਨ ਕਿ ਕਈ ਅਫ਼ਸਰਾਂ ਨੇ ਪਾਈਵੇਟ ਤੌਰ ਤੇ ਆਪਣੇ ਹੋਰ ਵਿਅਕਤੀ ਰੱਖੇ ਹੁੰਦੇ ਹਨ। ਇਹ ਵੀ ਉੱਪਰਲੇ ਅਫ਼ਸਰਾਂ ਦੇ ਮਿਹਰ ਭਰੇ ਹੱਥ ਸਦਕਾਂ ਹੀ ਹੁੰਦਾ ਹੈ। ਦਰਅਸਲ ਅਫਸਰਾਂ ਅਤੇ ਕਰਮਚਾਰੀਆਂ ਦੀ ਰਿਸ਼ਵਤ ਦੀ ਦੌੜ ਵਿੱਚ ਆਮ ਵਿਅਕਤੀ ਬੁਰੀ ਤਰ੍ਹਾਂ ਪਿਸ ਰਿਹਾ ਹੈ। ਨੌਕਰਸ਼ਾਹੀ ਪੰਜਾਬ ਅਤੇ ਪੰਜਾਬ ਦੇ ਲੋਕਾਂ ਲਈ ਨਿਰਮੋਹੀ ਹੋ ਚੁੱਕੀ ਹੈ, ਅਤੇ ਆਪਣੀਆਂ ਤਿਜ਼ੋਰੀਆਂ ਭਰਨ ਵਿੱਚ ਲੱਗੀ ਹੋਈ ਹੈ। ਸਿਆਸੀ ਲੋਕ ਰਾਜਸੱਤਾ ਨੂੰ ਵੱਧ ਤੋਂ ਵੱਧ ਆਪਣੇ ਸਵਾਰਥ ਲਈ ਵਰਤ ਰਹੇ ਹਨ। ਭਿਸ਼ਟਾਚਾਰ ਅਨੈਤਿਕਤਾ ਅਤੇ ਸਵਾਰਥੀ ਦੌਰ ਨੇ ਪੰਜਾਬ ਵਿੱਚ ਬੇਵੱਸੀ ਅਤੇ ਤਲਖ਼ੀ ਦਾ ਮਹੌਲ ਪੈਦਾ ਕੀਤਾ ਹੋਇਆ ਹੈ। ਭਿਸ਼ਟਾਚਾਰੀ ਭਿਸ਼ਟ ਤਰੀਕੇ ਨਾਲ ਪੈਸੇ ਇਕੱਠੇ ਕਰਨ ਦੀ ਹੋੜ ਵਿੱਚ ਮੁਲਾਜ਼ਮ ਅਤੇ ਅਧਿਕਾਰੀ ਆਪਣੀ ਔਲਾਦ ਵੱਲ ਵੀ ਚੰਗੀ ਤਰ੍ਹਾਂ ਧਿਆਨ ਨਹੀ ਦੇ ਰਹੇ। ਇਸੇ ਕਾਰਨ ਜਵਾਨੀ ਅਨੁਸ਼ਾਸ਼ਨਹੀਣਤਾ ਵਾਲਾ ਜੀਵਨ ਬਤੀਤ ਕਰਦਿਆਂ ਆਪਣਿਆਂ ਅਦਰਸ਼ਾਂ ਤੋਂ ਭਟਕ ਰਹੀ ਹੈ। ਸਾਡੇ ਸਮਾਜ ਵਿੱਚ ਕਿਰਤ ਸੱਭਿਆਚਾਰ ਅਲੋਪ ਹੋ ਰਿਹਾ ਹੈ। ਭਾਈ ਲਾਲੋ ਦੀ ਕੋਧਰੇ ਦੀ ਰੋਟੀ ਵਾਲਾ ਪਸੰਗ ਭੁੱਲ ਕੇ ਅਸੀ ਮਲਿਕ ਭਾਗੋ ਦੇ ਰਾਹ ਤੇ ਤੁਰਨ ਵਿੱਚ ਫਖ਼ਰ ਮਹਿਸੂਸ ਕਰਦੇ ਹਾਂ। ''ਇਹ ਜੱਗ ਮਿੱਠਾ, ਅਗਲਾ ਕਿਸ ਡਿੱਠਾ'' ਦੀ ਸੋਚ ਤੇ ਅਮਲ ਕਰਦਿਆਂ ਅਤੇ ਨਿੱਜ ਤੋਂ ਨਿੱਜ ਤੱਕ ਦਾ ਸਫਰ ਕਰਦਿਆਂ ਨੈਤਿਕ ਕਦਰਾਂ ਕੀਮਤਾਂ ਨੂੰ ਛਿੱਕੇ ਟੰਗ ਕੇ ਇਹ ਭੁੱਲ ਜਾਂਦੇ ਹਾਂ ਕਿ ਹੋਰ ਕਮਾਈ ਦੀ ਲਾਲਸਾ ਕਾਲੇ ਧਨ ਨੂੰ ਜਨਮ ਦਿੰਦੀ ਹੈ। ਅਜਿਹੀ ਸਥਿਤੀ ਵਿੱਚ ਚੰਗੇ ਅਤੇ ਸਿਹਤਮੰਦ ਸਮਾਜ ਦੀ ਕਲਪਨਾ ਕਰਨੀ ਵਿਅਰਥ ਹੈ। ਸਕੂਲਾਂ ਵਿੱਚ 68 ਪਤੀਸ਼ਤ ਅਧਿਆਪਕ ਬਿਲਕੁਲ ਪੜ੍ਹਾਈ ਕਰਵਾ ਕੇ ਰਾਜੀ ਨਹੀ ਅਤੇ ਬਾਕੀ 32 ਪਤੀਸ਼ਤ ਹੀ ਪੜ੍ਹਾਈ ਕਰਵਾਉਂਦੇ ਹਨ। ਵਿਹਲੇ ਬੈਠ ਕੇ ਤਨਖਾਹਾਂ ਲੈਣੀਆਂ ਜਿੱਥੇ ਵਿਦਿਆਰਥੀਆਂ ਦੇ ਹਿੱਤਾਂ ਨਾਲ ਖਿਲਵਾੜ ਹੈ ਉੱਥੇ ਭਿਸ਼ਟਾਚਾਰ ਵੀ ਹੈ। ਇਸ ਤਰ੍ਹਾਂ ਨਾਲ ਵਿਦਿਆਰਥੀਆਂ ਦੇ ਮਨਾਂ ਵਿੱਚੋਂ ਅਧਿਆਪਕਾਂ ਪਤੀ ਸਤਿਕਾਰ ਦੀ ਭਾਵਨਾਂ ਖ਼ਤਮ ਹੁੰਦੀ ਹੈ। ਇਹ ਪਵਿਤੀ ਭਿਸ਼ਟਾਚਾਰ ਦੀਆਂ ਜੜ੍ਹਾਂ ਮਜਬੂਤ ਕਰਨ ਵਿੱਚ ਬਲਦੀ ਤੇ ਤੇਲ ਪਾਉਣ ਦਾ ਕੰਮ ਕਰਦੀ ਹੈ।

ਸਾਡੇ ਖਾਣ ਪੀਣ ਦੇ ਸਮਾਨ ਵਿੱਚੋਂ ਵੀ ਵਪਾਰੀ ਵਰਗ ਜਿਆਦਾ ਪੈਸਾ ਇਕੱਠਾ ਕਰਨ ਦੀ ਦੌੜ ਵਿੱਚ ਜ਼ਹਿਰ ਪਰੋਸ ਕੇ ਮਨੁੱਖੀ ਜੀਵਨ ਨਾਲ ਖਿਲਵਾੜ ਕਰ ਰਿਹਾ ਹੈ। ਸਬਜ਼ੀਆਂ ਛੇਤੀ ਤਿਆਰ ਕਰਨ ਲਈ ਔਕਸੀਟਾਕਸਨ ਦਾ ਟੀਕਾ ਲਗਾ ਕੇ ਸਬਜ਼ੀ ਤਿਆਰ ਕਰਕੇ ਮੰਡੀਕਰਨ ਕੀਤਾ ਜਾਂਦਾ ਹੈ। ਕੱਚੇ ਫਲਾਂ ਨੂੰ ਕੈਮੀਕਲ ਟੀਟਮੈਂਟ ਦੇ ਕੇ ਪਕਾਉਣ ਉਪਰੰਤ ਗਾਹਕਾਂ ਦੀ ਸੇਵਾ ਵਿੱਚ ਪਰੋਸਿਆ ਜਾਂਦਾ ਹੈ। ਇਸੇ ਲਈ ਫਲ ਬੇਹੇ ਅਤੇ ਸਖ਼ਤ ਜਾਪਦੇ ਹਨ। ਘਟੀਆ ਤੇਲ ਵਿੱਚ ਯੂਰੀਆ ਪਾ ਕੇ ਨਕਲੀ ਦੁੱਧ ਖੋਆ ਅਤੇ ਪਨੀਰ ਵਰਕ ਲਾ ਕੇ ਪਰੋਸਿਆ ਜਾਂਦਾ ਹੈ, ਜਿਸ ਨਾਲ ਜਿਗਰ ਦੀਆਂ ਬਿਮਾਰੀਆਂ ਅੰਤੜੀਆਂ ਵਿੱਚ ਖ਼ਰਾਬੀ ਅਤੇ ਗੁਰਦੇ ਖ਼ਰਾਬ ਹੋ ਜਾਂਦੇ ਹਨ। ਵਾਧੂ ਪੈਸੇ ਇਕੱਠੇ ਕਰਨ ਦੀ ਦੌੜ ਨੇ ਮਨੁੱਖ ਨੂੰ ਮਾਰੂ ਸੋਚਾਂ ਦਾ ਸ਼ਿਕਾਰ ਬਣਾ ਦਿੱਤਾ ਹੈ। ਸਾਡੇ ਸਮਾਜ ਦਾ ਤਾਣਾ-ਬਾਣਾ ਭਿਸ਼ਟਾਚਾਰ ਦੇ ਸਹਾਰੇ ਖੜਾ ਹੈ। ਵੱਧ ਮੁਨਾਫਾ ਅਤੇ ਰਿਸ਼ਵਤ ਪਾਪਤ ਕਰਨ ਦੀ ਸੋਚ ਸਾਡੇ ਹੱਡਾਂ ਵਿੱਚ ਰਚ ਚੁੱਕੀ ਹੈ। ਨਵੀਂਆਂ ਕਾਰਾਂ ਅਤੇ ਉੱਚੇ-ਉੱਚੇ ਬੰਗਲੇ ਭਿਸ਼ਟ ਧਨ ਨਾਲ ਬਣ ਰਹੇ ਅਤੇ ਇਹਨਾਂ ਬੰਗਲਿਆਂ ਵਿੱਚ ਭਟਕ ਰਹੇ ਮਨੁੱਖ ਨੂੰ ਚੱਜ਼ ਨਾਲ ਜਿਉਣਾ ਵੀ ਨਸੀਬ ਨਹੀ ਹੋ ਰਿਹਾ। ਇਹੋ ਜਿਹਾ ਭਿਸ਼ਟ ਵਿਅਕਤੀ ਇੱਕ ਵਾਰ ਬਾਬਾ ਫਰੀਦ ਜੀ ਕੋਲ ਜਾ ਕੇ ਕਹਿਣ ਲੱਗਾ ਕਿ 'ਮਹਾਰਾਜ ਜੀ ਮੇਰੇ ਕੋਲ ਹਰ ਤਰ੍ਹਾਂ ਦਾ ਸੁੱਖ ਸਾਧਨ ਮਾਇਆ ਹੈ, ਪਰ ਮਨ ਦਾ ਚੈਨ ਨਹੀ ਹੈ ਕੋਈ ਉਪਾਅ ਦੱਸੋ ! ਫਰੀਦ ਜੀ ਨੇ ਉਸ ਵਿਅਕਤੀ ਵੱਲ ਗਹੁ ਨਾਲ ਤੱਕਿਆ ਅਤੇ ਕਿਹਾ ਕਿ ''ਤੇਰੇ ਕਰਮਾਂ ਵਿੱਚ ਕੋਈ ਸੁੱਖ ਚੈਨ ਨਹੀ ਹੈ, ਸਗੋਂ ਤੇਰੀ ਤੀਹ ਚਾਲੀ ਦਿਨਾਂ ਤੱਕ ਮੌਤ ਹੋਣ ਵਾਲੀ ਹੈ।'' ਉਸ ਆਦਮੀ ਨੂੰ ਬੇਚੈਨੀ ਨੇ ਹੋਰ ਘੇਰ ਲਿਆ। ਜਦੋਂ ਉਂਨਤਾਲੀਵੇਂ ਦਿਨ ਫਰੀਦ ਜੀ ਕੋਲ ਆਇਆ ਤਾਂ ਫਰੀਦ ਜੀ ਵੇਖ ਕੇ ਮੁਸਕਰਾ ਪਏ ਅਤੇ ਪੁੱਛਣ ਲੱਗੇ ਕਿ ਇਹ ਉਂਨਤਾਲੀ ਦਿਨ ਤੇਰੇ ਕਿਸ ਤਰ੍ਹਾਂ ਬੀਤੇ? ਤਾਂ ਉਹ ਕਹਿਣ ਲੱਗਾ ਕਿ ''ਮੈਂ ਤਾਂ ਜੀ ਇਹਨਾਂ ਦਿਨਾਂ ਵਿੱਚ ਘਰੋਂ ਹੀ ਨਹੀ ਨਿੱਕਲਿਆਂ ਸਗੋਂ ਹਰ ਸਮੇਂ ਸਾਹਮਣੇ ਮੌਤ ਹੀ ਸਾਹਮਣੇ ਦਿਸਦੀ ਰਹੀ ਤੇ ਹੋਰ ਘਟੀਆ ਸੋਚਾਂ ਖੰਭ ਲਾ ਕੇ ਉੱਡ ਗਈਆਂ, ਰੱਬ ਦੇ ਨਾਂਅ ਦਾ ਹੀ ਸਿਮਰਨ ਕਰਦਾ ਰਿਹਾ।'' ਫਰੀਦ ਜੀ ਨੇ ਮੁਸਕਰਾ ਕਿ ਕਿਹਾ ''ਬੱਸ ਬੁਰੇ ਵਿਚਾਰਾਂ, ਘਟੀਆ ਕਰਮਾਂ ਤੋਂ ਬਚਣ ਦਾ ਇਹੀ ਤਰੀਕਾ ਹੈ ਕਿ ਹਮੇਸ਼ਾਂ ਮੌਤ ਨੂੰ ਯਾਦ ਰੱਖੋ, ਤੇਰੀ ਮੌਤ ਚਾਲੀ ਦਿਨਾਂ ਬਾਅਦ ਨਹੀ ਸੀ ਹੋਣੀ, ਪਰ ਇਹਨਾਂ ਚਾਲ੍ਹੀ ਦਿਨਾਂ ਬਾਅਦ ਤੈਨੂੰ ਸਬਕ ਜਰੂਰ ਮਿਲ ਗਿਆ ਹੈ।''

ਆਮ ਵਿਅਕਤੀ ਇਸ ਧਰਤੀ ਤੇ ਜਿਵੇਂ ਪੱਕਾ ਹੀ ਆਇਆ ਹੋਵੇ ਇਸ ਤਰ੍ਹਾਂ ਜੀਵਨ ਬਤੀਤ ਕਰ ਰਿਹਾ ਹੈ। ਇਸ ਹਉਮੈ ਕਾਰਨ ਹੀ ਉਹ ਭਿਸ਼ਟਾਚਾਰ ਕਰਨਾ ਆਪਣਾ ਹੱਕ ਸਮਝਦਾ ਹੈ। ਉਹ ਇਹ ਭੁੱਲ ਰਿਹਾ ਹੈ ਕਿ ਲਾਸ਼ ਉੱਪਰ ਕਫਨ ਭਾਂਵੇ ਚਿੱਟੇ ਸਾਦੇ ਕੱਪੜੇ ਦਾ ਹੋਵੇ ਜਾਂ ਮਹਿੰਗੇ ਕੱਪੜੇ ਦਾ ਹੋਵੇ, ਕੋਈ ਫਰਕ ਨਹੀ ਪੈਂਦਾ, ਹੈ ਤਾਂ ਸਿਰਫ਼ ਕਫਨ ਹੀ। ਆਰਥਿਕ ਖੁਸ਼ਹਾਲੀ ਲਈ ਅਸੀ ਸੱਚਾਈ, ਇਮਾਨਦਾਰੀ, ਪਿਆਰ, ਮਿਲ-ਵਰਤਨ ਅਤੇ ਉਦਾਰਤਾ ਨੂੰ ਦਾਅ ਤੇ ਲਾ ਦਿੰਦੇ ਹਾਂ ਅਤੇ ਬਦਲੇ ਵਿੱਚ ਮਰੀ ਹੋਈ ਜਮੀਰ ਨਾਲ ਜਿੰਦਗੀ ਦਾ ਭਾਰ ਢੋਂਦੇ ਰਹਿੰਦੇ ਹਾਂ। ਇਹ ਦੁਖਾਂਤਕ ਪੱਖ ਹੀ ਹੈ ਕਿ ਕਨੇਡਾ ਅਤੇ ਇੰਗਲੈਂਡ ਵਰਗੇ ਦੇਸ਼ਾਂ ਵਿੱਚ ਅੱਠ ਘੰਟੇ ਕੰਮ ਕਰਨ ਵਾਲਾ ਵਿਅਕਤੀ ਬਾਦਸ਼ਾਹ ਵਾਂਗ ਜੀਅ ਸਕਦਾ ਹੈ, ਪਰ ਇੱਥੇ ਸੋਲ੍ਹਾਂ ਘੰਟੇ ਕੰਮ ਕਰਨ ਵਾਲਾ ਵਿਅਕਤੀ ਵੀ

ਰੀਂਗ-ਰੀਂਗ ਕੇ ਜੀਅ ਰਿਹਾ ਹੈ। ਲੋੜ ਹੈ ਭਿਸ਼ਟਾਚਾਰੀ, ਬੇਈਮਾਨੀ, ਠੱਗੀ-ਚੋਰੀ ਮਨ ਵਿੱਚੋਂ ਕੱਢਣ ਦੀ, ਇਮਾਨਦਾਰੀ ਅਤੇ ਹੱਕ-ਹਲਾਲ ਦੀ ਕਮਾਈ ਕਰਨ ਦੀ ਜਿਸ ਨਾਲ ਹਰ ਪਾਸੇ ਖੁਸ਼ੀਆਂ ਭਰਿਆ ਮਹੌਲ ਹੋਵੇਗਾ ਤੇ ਦੁੱਖ ਕਦੇ ਵੀ ਨੇੜੇ ਨਹੀ ਆਉਣਗੇ।

## ਵਿਛੜੀ ਪ੍ਰਤਿਭਾਸ਼ਾਲੀ ਸ਼ਖਸਿਅਤ

### ਮਨਮੀਤ ਸਿੰਘ ਭੁੱਲਰ ਨੂੰ ਯਾਦ ਕਰਦਿਆਂ

ਸਤਿੰਦਰ ਸਤੀ



ਮਨਮੀਤ ਸਿੰਘ ਭੁੱਲਰ ਕਨੇਡਾ ਦੇ ਐੱਮ ਐੱਲ ਏ ਅਤੇ ਪੰਜਾਬਿਆਂ ਦਾ ਕਨੇਡਾ 'ਚ ਆਗੂ ਨੇਤਾ ਇੱਕ ਸੜਕ ਹਾਦਸੇ ਵਿੱਚ ਮੌਤ ਹੋ ਗਈ। ਇੱਕ ਹਾਦਸੇ ਦਾ ਜਾਇਜ਼ਾ ਲੈਣ ਪਹੁੰਚੇ ਮਨਮੀਤ ਸਿੰਘ 'ਚ ਟਰੱਕ ਦੇ ਵੱਜਣ ਸਦਾ ਲਈ ਵਿਛੋੜਾ ਦੇ ਗਏ। ਕਨੇਡਾ ਰੇਡੀਉ ਰੈੱਡ ਐਫ਼, ਐਮ ਤੋਂ ਰਵਨਜੀਤ ਨੇ ਸੋਗ ਸਮਾਂਚਾਰ ਦਿੱਤਾ। ਜਿਸ ਨਾਲ ਸਾਰੇ ਲੋਕਾਂ ਵਿੱਚ ਸੋਗ ਫੈਲ ਗਿਆ। ਦੋਸਤੀ ਦੀ ਬਹਿਸ ਤੇ ਚੱਲ ਰਿਹਾ ਰੇਡੀਉ ਪ੍ਰੋਗ੍ਰਾਮ ਬੰਦ ਕਰ ਦਿੱਤਾ ਗਿਆ।

ਮਨਮੀਤ ਸਿੰਘ ਭੁੱਲਰ ਪਹਿਲਾ ਸਿੱਖ ਨੌਜਵਾਨ ਕੈਲਗਰੀ ਦਾ ਐਮ.ਐਲ.ਏ ਸੀ। ਜੋ ਐਮ.ਐਲ.ਏ ਬੱਣ ਕੇ 28 ਸਾਲ ਦੀ ਉਮਰ ਤੋਂ ਸਤਾ ਵਿੱਚ ਹੈ। ਮਨਮੀਤ ਭੁੱਲਰ ਜ਼ਿਆਦਾਤਰ ਲੋਕਾਂ ਦੇ ਮਨਾਂ ਤੇ ਛਾਂਇਆ ਹੋਇਆ ਸੀ। ਉਹ ਸੱਚਾ ਦੋਸਤ, ਵਫ਼ਾਦਾਰ, ਸੇਵਾਦਾਰ, ਭਾਈਚਾਰੇ ਵਿੱਚ ਮਿਲਵਰਤਣ ਵਾਲਾ, ਜੇਤੂ, ਖੁੱਲੇ ਦਿਲ ਵਾਲੇ ਨੌਜੁਆਨ ਸੀ। ਸਰਦਾਰ ਮਨਮੀਤ ਸਿੰਘ ਭੁਲਰ ਪੱਗ ਵਾਲਾ ਕਨੇਡੀਅਨ ਜੰਮਪਲ ਅੰਮ੍ਰਿਤਧਾਰੀ ਮੁੰਡਾ ਸੀ। ਉਹ 6"3' ਇੰਚ ਲੰਬਾ ਨੌਜਵਾਨ ਸੀ। ਸਹਿਤ ਦਾ ਇੰਨਾਂ ਕੁ ਭਾਰਾ ਸੀ, ਕਿਸੇ ਦੀ ਜੱਫ਼ੀ ਵਿੱਚ ਨਹੀਂ ਆਉਂਦਾ ਸੀ। ਕੋਈ ਬੰਦਾ ਉਸ ਨੂੰ ਜੱਫ਼ੀ ਨਹੀਂ ਮਾਰ ਸਕਦਾ ਸੀ। ਆਲੇ ਦੁਆਲੇ ਦੇ ਸਾਰੇ ਨੌਜੁਵਾਨਾਂ ਵਿਚੋਂ ਤੱਕੜਾ ਨੌਜੁਵਾਨ ਸੀ। ਚਿਹਰੇ ਦੀ ਦਿਖਤ ਸੱਚ-ਮੁੱਚ ਸ਼ੇਰ ਵਰਗੀ ਸੀ। ਮਨਮੀਤ ਸਿੰਘ ਭੁਲਰ ਦਾ ਜਨਮ ਮਾਰਚ 1, 1980 ਨੂੰ ਹੋਇਆ ਸੀ। ਉਸ ਨੇ ਪੀਅਰਸਨ ਹਾਈ ਸਕੂਲ ਤੋਂ ਗਰੈਜੂਏਸ਼ਨ ਕੀਤੀ। ਉਸ ਨੇ ਵਿੰਡਸਰ ਯੂਨੀਵਰਸਿਟੀ 2011 ਵਿੱਚ ਕਾਨੂੰਨ ਲੋਅਰ ਦੀ ਡੀਗਰੀ ਹਾਂਸਲ ਕੀਤੀ। ਉਹ 2008 ਵਿੱਚ 28 ਸਾਲਾਂ ਦੀ ਉਮਰ ਵਿੱਚ ਐਮ.ਐਲ.ਏ ਬੱਣੇ ਸਨ। ਉਹ 28 ਸਾਲਾਂ ਤੋਂ 35 ਸਾਲਾਂ ਦੀ ਉਮਰ ਤੱਕ ਲਗਾਤਾਰ ਤਿੰਨ ਬਾਰ ਕੈਲਗਰੀਅਨ, ਕਨੇਡੀਅਨ ਲੋਕਾਂ ਦੁਆਰਾ ਐਮ.ਐਲ.ਏ ਚੁਣੇ ਗਏ। ਅੱਜ ਤੱਕ ਐਮ.ਐਲ.ਏ ਸਨ।

ਮਈ 5, 2015 ਵਿੱਚ ਫਿਰ ਚੋਣ ਜਿੱਤ ਕੇ, ਕੈਲਗਰੀ ਦੇ ਐਮ.ਐਲ.ਏ ਬੱਣੇ। ਅਪਰੈਲ ਦੀ 18 ਤਰੀਕ ਦੀ ਸ਼ਾਮ ਸੀ। ਜਦੋਂ ਮਨਮੀਤ ਸਿੰਘ ਭੁਲਰ 5 ਕੁ ਹੋਰ ਮੁੰਡਿਆਂ ਨਾਲ ਡੋਰ ਨੌਕ ਕਰ ਰਹੇ ਸਨ। ਇਹ ਸਾਰੇ ਪੈਦਲ ਚਲ ਕੇ ਘਰ-ਘਰ ਜਾ ਰਹੇ ਸਨ। ਮੈਂ ਬਾਹਰ ਗਰਾਜ ਨੂੰ ਪੇਂਟ ਕਰ ਰਹੀ ਸੀ। ਮੈਨੂੰ ਉਦੋਂ ਹੀ ਪਤਾ ਲੱਗਾ। ਜਦੋਂ ਮਨਮੀਤ ਭੁੱਲਰ ਨੇ ਕਿਹਾ, " ਵਾਹਿਗੁਰੂ ਜੀ ਕਾ ਖ਼ਲਸਾ, ਵਾਹਿਗੁਰੂ ਜੀ ਕੀ ਫਤਿਹੇ ਜੀ। ਇਹ ਕੀ ਕਰ ਰਹੇ ਹੋ? ਚਿੱਟੇ ਰੰਗ ਨਾਲ ਕੱਪੜੇ, ਮੂੰਹ ਹੱਥ ਰੰਗੇ ਹਨ। " ਮੈਂ ਪਿਛੇ ਮੁੜ ਕੇ ਦੇਖਿਆ। ਮਨਮੀਤ ਸਿੰਘ ਭੁੱਲਰ ਨੂੰ ਦੇਖ਼ ਕੇ ਹੈਰਾਨ ਰਹਿ ਗਈ। ਹੱਸਦਾ ਮੁਸਕਾਂਦਾ ਮਨਮੀਤ ਸਿੰਘ ਭੁੱਲਰ ਮੇਰੇ ਸੱਜੇ ਮੋਡੇ ਵੱਲ ਖੜ੍ਹਾ ਸੀ। ਮੈਨੂੰ ਉਸ ਨਾਲ ਗੱਲ ਕਰਨ ਲਈ ਮੂੰਹ ਉਤਾਹਾਂ ਨੂੰ ਚੁੱਕਣਾਂ ਪਿਆ। ਮੈਂ ਫਤਿਹੇ ਬੁਲਾਈ। ਕਿਹਾ, " ਮੈਂ ਘਰ ਨੂੰ ਸਜਾਂਉਣ ਦਾ ਕੰਮ ਕਰਦੀ ਹਾਂ। ਜੇ ਘਰ ਦੇ ਕੰਮ ਕਰਾਂਗੇ। ਤਾਂ ਬਾਹਰ ਵੀ ਕੰਮ ਕਰਨ ਜੋਗੇ ਹੋਵਾਂਗੇ। ਤੁਸੀਂ ਵੀ ਤਾਂ ਵੋਟਾਂ ਮੰਗਣ ਨੂੰ ਆਪ ਹੀ ਤੁਰੇ ਫਿਰਦੇ ਹੋ। ਇਸ ਦੀ ਕੀ ਲੋੜ ਸੀ? ਸਬ ਲੋਕ ਤੁਹਾਡੇ ਕੀਤੇ ਕੰਮਾਂ ਤੋਂ ਖੁਸ਼ ਹਨ। ਤੁਹਾਡੇ ਤਾਂ ਡੈਡੀ ਨੇ, ਕੈਲਗਰੀ ਦਸ਼ਮੇਸ਼ ਕਲਚਰ ਗੁਰਦੁਆਰਾ ਸਾਹਿਬ ਬੱਣਾਂਉਣ ਵਿੱਚ ਵੱਡਾ ਯੋਗਦਾਨ ਪਾਇਆ ਹੈ। ਜਦੋਂ ਗੁਰਦੁਆਰਾ ਸਾਹਿਬ ਬੱਣਨਾਂ ਸੀ। ਸਬ ਤੋਂ ਅੱਗੇ ਹੋ ਕੇ ਨੀਹ ਰੱਖਾ ਕੇ ਉਸਾਰ ਕੇ, ਗੁਰਦੁਆਰੇ ਸਾਹਿਬ ਦੀ ਸੇਵਾ ਕੀਤੀ ਹੈ। " " ਹਾਂ ਜੀ ਸਬ ਕੁੱਝ ਇਹ ਮੈਂ ਘਰ ਵਿੱਚੋਂ ਹੀ ਸਿੱਖਿਆ ਹੈ। ਕਈ ਬੰਦੇ ਪ੍ਰਸੰਸਾ ਕਰਦੇ ਹਨ। ਕਈ ਬੰਦੇ ਉਦੋਂ ਵੀ ਡੈਡੀ ਵੇਲੇ ਵੀ, ਤੇ ਹੁਣ ਵੀ ਲੱਤਾਂ ਖਿੱਚਦੇ ਹਨ। " ਮੈਂ ਉਸ ਦੇ ਸਖ਼ਤ ਬੋਲ ਸੁਣ ਕੇ, ਉਸ ਵੱਲ ਦੇਖਿਆ। ਉਹ ਕਾਫ਼ੀ ਗੰਭੀਰ ਹੋ ਗਿਆ ਸੀ। ਮੈਂ ਕਿਹਾ, " ਲੋਕ ਦੋਨੇਂ ਪਾਸੇ ਦੀ ਗੱਲ ਕਰਦੇ ਹੁੰਦੇ ਹਨ। ਫਿਰ ਵੀ ਬਹੁਤ ਲੋਕ ਤੁਹਾਡੇ ਤੇ ਤੁਹਾਡੇ ਪੂਰੇ ਪਰਿਵਾਰ ਦੇ ਪ੍ਰਸੰਸਕਿ ਹਨ। ਤੁਹਾਡੀ ਮੰਮੀ ਵੀ ਬਹੁਤ ਖੁਸ਼ ਮਜਾਜ਼ ਹੈ। ਮੇਰੀ ਬਹੁਤ ਚੰਗੀ ਦੋਸਤ ਹੈ। " " ਇਸੇ ਉਮੀਦ ਨਾਲ ਤਾਂ ਤੁਹਾਡੇ ਕੋਲੋ ਵੋਟ ਮੰਗਣ ਆਇਆ ਹਾਂ। ਤੁਸੀਂ ਮੈਨੂੰ ਵੋਟ ਪਾ ਕੇ, ਕਾਂਮਜਾਬ ਬੱਣਾਂ ਕੇ, ਲੋਕਾਂ ਦੀ ਸੇਵਾ ਕਰਨ ਦਾ ਮੌਕਾ ਦਿਉ। " " ਹਾਂ ਜੀ ਵੋਟ ਤੁਹਾਨੂੰ ਹੀ ਪਾਉਣੀ ਹੈ। ਮਾਹਾਰਾਜ ਸੱਚੇ ਸੇਵਕਾਂ ਵੱਲ ਹੁੰਦਾ ਹੈ। ਰੱਬ ਤੁਹਾਡਾ ਸਾਥ ਦੇਵੇਗਾ। " ਮਨਮੀਤ ਸਿੰਘ ਭੁਲਰ ਦੋ ਮਿੰਟ ਮੇਰੇ ਨਾਲ ਗੱਲਾਂ ਕਰਕੇ, ਅੱਗਲੇ ਘਰ ਚਲੇ ਗਏ। ਜੋ ਮੁਸਲਮਾਨ ਭਾਈ ਦਾ ਸੀ। ਉਸ ਨੇ ਪਹਿਲਾਂ ਹੀ ਮਨਵੀਤ ਭੁਲਰ ਦਾ ਫੱਟਾ ਘਾਹ ਤੇ ਗੱਡਿਆ ਹੋਇਆ ਸੀ। ਉਹ ਇੱਕ ਘੰਟਾ ਉਥੇ ਹੀ ਦਸ ਕੁ ਘਰਾਂ ਮੂਹਰੇ ਜਾ ਕੇ, ਡੋਰ ਖੜਕਾ ਕੇ, ਲੋਕਾਂ ਨਾਲ ਗੱਲਾਂ ਕਰਦੇ ਰਹੇ।

ਬੰਦੇ ਉਦੋਂ ਵੀ ਡੈਡੀ ਵੇਲੇ ਵੀ, ਤੇ ਹੁਣ ਵੀ ਲੱਤਾਂ ਖਿੱਚਦੇ ਹਨ। ਗੱਲ ਮੇਰੇ ਦਿਲ ਵਿੱਚ ਤੀਰ ਵਾਂਗ ਖੁਬੀ ਸੀ। ਹੁਣ ਮਨਮੀਤ ਸਿੰਘ ਭੁਲਰ ਦੇ ਜਾਂਣ ਪਿਛੋਂ, ਮਨ ਵਿੱਚ ਚੀਸ ਪੈ ਰਹੀ ਹੈ। ਮਨਮੀਤ ਸਿੰਘ ਭੁਲਰ ਦੀ ਕਾਰ ਟਰੱਕ ਦੀ ਸਿੱਧੀ ਟੱਕਰ ਨਹੀਂ ਹੋਈ। ਰਸਤੇ ਵਿੱਚ ਕਿਸੇ ਦਾ ਐਕਸੀਡੈਂਟ ਹੋਇਆ ਸੀ। ਮਨਮੀਤ ਸਿੰਘ ਭੁਲਰ ਮਦੱਦ ਕਰਨ ਨੂੰ ਆਪਦੀ ਕਾਰ ਵਿਚੋਂ ਬਾਹਰ ਨਿੱਕਿਆ ਸੀ। ਇੱਕ ਟਰੱਕ ਪਿਛੇ ਤੋਂ ਆਇਆ। ਉਸ ਨੇ

ਮਨਮੀਤ ਸਿੰਘ ਭੁਲਰ ਵਿੱਚ ਸਿੱਧੀ ਟੱਕਰ ਮਾਰੀ ਹੈ। ਹੋਰਾਂ ਲੋਕਾਂ ਦੇ ਮੁਕਾਬਲੇ, ਅਲਬਰਟਾ ਵਿੱਚ ਲੋਕਾਂ ਨੂੰ ਸਬ ਤੋਂ ਮਦੱਦਗਾਰ ਮੰਨਿਆ ਜਾਂਦਾ ਹੈ। ਜਿਵੇਂ ਮਨਵੀਤ ਭੁਲਰ ਮਦੱਦ ਕਰਨ ਲੱਗਿਆ ਸੀ। ਦੇਖਣਾਂ ਇਹ ਹੈ। ਉਹ ਟਰੱਕ ਵਾਲਾ ਕੌਣ ਸੀ? ਕੀ ਡਰਾਇਵਰ ਨਸ਼ੇ ਵਿੱਚ ਸੀ? ਕੀ ਉਸ ਨੂੰ ਬੰਦਾ ਨਹੀਂ ਦਿਸਿਆ? ਕਿੰਨੇ ਚਿਰ ਤੋਂ ਉਹ ਡਰਾਇਵਰ ਸੀ? ਟਰੱਕ ਕਿਸ ਦੇ ਨਾਂਮ ਸੀ? ਕਿੰਨ੍ਹੇ ਚਿਰ ਤੋਂ ਟਰੱਕ ਸ਼ੜਕ ਤੇ ਚੱਲ ਰਿਹਾ ਸੀ? ਇਹ ਸਾਰੇ ਸੁਆਲ ਪੁਲੀਸ ਤੇ ਮੀਡੀਏ ਨੇ ਖੋਜਣੇ ਹਨ। ਇਹ ਆਂਮ ਐਕਸੀਡੈਂਟ ਨਹੀਂ ਹੈ। ਕਨੇਡਾ ਵਿੱਚ ਐਸੇ ਬਹੁਤ ਘੱਟ ਐਕਸੀਡੈਂਟ ਹੁੰਦੇ ਹਨ। ਬਈ ਐਕਸੀਡੈਂਟ ਤੋਂ ਕੋਈ ਗੱਡੀ ਤੇਜ ਕਰਕੇ, ਗੱਡੀ ਬੰਦਿਆਂ ਦੇ ਉਪਰੋਂ ਦੀ ਲੰਘਾ ਕੇ ਲੈ ਜਾਵੇ। ਮੇਨ ਸੜਕਾਂ ਬਿਲਕੁਲ ਸਾਫ਼ ਸਨ। ਕੋਈ ਬਰਫ਼ ਦੀ ਸਿਲਪਰੀ-ਤਿਲਕਣ ਨਹੀਂ ਸੀ। ਇਹ ਹੱਦਸਾ ਹੈ ਕੱਤਲ?

ਮਨਮੀਤ ਸਿੰਘ ਭੁਲਰ ਪ੍ਰੋਗਰੈਸਿਵ ਕੰਜ਼ਰਵੇਟਿਵ ਤੌਰ ਕੈਲਗਰੀ ਹਲਕੇ ਦੀ ਨੁਮਾਇੰਦਗੀ ਕਰਨ ਵਾਲੇ ਅਲਬਰਟਾ ਦੇ ਵਿਧਾਨ ਸਭਾ ਦਾ ਇੱਕ ਕੈਨੇਡੀਅਨ ਸਿਆਸਤਦਾਨ ਅਤੇ ਸਦੱਸ ਵੀ ਸੀ। ਮਨਮੀਤ ਸਿੰਘ ਭੁੱਲਰ 2011 ਤੱਕ ਇੱਕ ਕੈਬਨਿਟ ਮੰਤਰੀ ਦੇ ਤੌਰ ਤੇ ਸੇਵਾ ਕੀਤੀ ਹੈ। ਉਹ ਕੈਲਗਰੀ ਸਿਹਤ ਖੇਤਰ ਦੇ ਪੱਧਰ 'ਤੇ ਪੈਸਾ ਇਕੱਠਾ ਕਰਨ ਲਈ ਵਲੰਟੀਅਰ ਦੀ ਟੀਮ ਦੀ ਅਗਵਾਈ ਕੀਤੀ ਸੀ। ਭੁੱਖੇ ਲੋਕਾਂ ਲਈ ਵਾਕ ਕੀਤੀ। ਉਹ ਤਕਨੀਕੀ ਸਿੱਖਿਆ ਅਤੇ ਤਕਨਾਲੋਜੀ ਦੇ ਮੰਤਰੀ ਨੂੰ ਸੰਸਦੀ ਸਹਾਇਕ ਰਿਹਾ ਹੈ। ਉਸ ਨੇ ਸਰਵਿਸ ਅਲਬਰਟਾ ਅਤੇ ਮਨੁੱਖੀ ਸਰਵਿਸਿਜ਼ ਪੋਰਟਫੋਲੀਓ ਵਿਚ ਮੰਤਰੀ ਦੇ ਤੌਰ 'ਤੇ ਸੇਵਾ ਕੀਤੀ। 13 ਦਸੰਬਰ 'ਤੇ, 2013 ਭੁੱਲਰ ਮਨੁੱਖੀ ਸਰਵਿਸਿਜ਼ ਦੀ ਸੇਵਾ ਕਰ ਚੁੱਕੇ ਹਨ। ਜੋ ਕਨੇਡਾ ਵਿੱਚ ਮਾਂਪਿਆਂ ਤੇ ਬੱਚਿਆਂ ਦੇ ਸਬੰਧਾ ਵਿੱਚ ਕਨੇਡਾ ਸਰਕਾਰ ਦਾ ਵਾਧੂ ਦਖ਼ਲ ਹੈ। ਇਸ ਵਿਰੁਧ ਮਨਮੀਤ ਸਿੰਘ ਭੁਲਰ ਨੇ ਅਵਾਜ਼ ਉਠਾਈ। ਘਰਾਂ ਦੇ ਨਿਜੀ ਮਾਮਲਿਆਂ ਵਿੱਚ ਦਖ਼ਲ ਨਾਂ ਦੇਣ ਲਈ ਸਪੀਚਾਂ ਵੀ ਦਿੱਤੀਆਂ। ਭੁੱਲਰ ਨੂੰ ਭਾਈਚਾਰੇ ਦੇ ਕੰਮ ਲਈ ਅਲਬਰਟਾ ਮੈਡਲ, ਤਗ਼ਮੇ ਨਾਲ ਨਵਾਜਿਆ ਸੀ। ਯੂਨੀਵਰਸਿਟੀ ਲੀਡਰਸ਼ਿਪ ਐਵਾਰਡ ਦਾ ਕਰਤਾ ਸੀ। ਭੁੱਲਰ ਨੂੰ ਅਲਬਰਟਾ ਵਿਧਾਨ ਸਭਾ ਵਿਚ ਈਸਟ ਕੈਲਗਰੀ ਦੇ ਮੁੱਦੇ ਲਈ ਵਕੀਲ ਨੁਯਕਤ ਕੀਤਾ ਗਿਆ ਸੀ।.

**ਅਲਬਰਟਾ ਦੇ ਜਨਰਲ ਚੋਣ, 2008: ਕੈਲਗਰੀ ਮੌਨਟਰੀ ਇਲਾਕੇ ਤੋਂ ਪ੍ਰੋਗਰੈਸਿਵ ਕੰਜ਼ਰਵੇਟਿਵ ਮਨਮੀਤ ਭੁੱਲਰ 2,627 34.45%**

**ਅਲਬਰਟਾ ਦੇ ਜਨਰਲ ਚੋਣ, 2012: ਕੈਲਗਰੀ ਗਰੀਨਵੇ ਤੋ ਪ੍ਰੋਗਰੈਸਿਵ ਕੰਜ਼ਰਵੇਟਿਵ ਮਨਮੀਤ ਭੁੱਲਰ 3.976 48,54%**

**ਅਲਬਰਟਾ ਦੇ ਜਨਰਲ ਚੋਣ, 2015 ਪ੍ਰੋਗਰੈਸਿਵ ਕੰਜ਼ਰਵੇਟਿਵ ਕੈਲਗਰੀ ਗਰੀਨਵੇ ਤੋ ਮਨਮੀਤ ਭੁੱਲਰ 5.351 43,0% -5,54%**

ਮਨਮੀਤ ਸਿੰਘ ਭੁੱਲਰ ਨੇ, ਲੋਕਾ ਨੂੰ ਹੈਰਾਨ ਕਰਨ ਵਾਲੀਆਂ, ਬਹੁਤ ਵੱਡੀਆਂ ਪ੍ਰਾਪਤੀਆਂ ਕੀਤੀਆਂ ਸਨ। ਇੰਨੇ ਕੰਮ ਕੀਤੇ ਹਨ। ਹਰ ਨਸਲ ਲੋਕਾਂ ਦੇ ਹਰਮਨ ਪਿਆਰੇ ਨੇਤਾ ਸਨ। ਪਰ ਜੋ ਇਹ ਖ਼ਬਰ ਦਿੱਤੀ ਹੈ। ਲੋਕ ਚੌਂਕ ਗਏ ਹਨ।

ਇੱਕ ਬਾਰ ਮੈਂ ਨੌਕਰੀ ਤੋਂ ਮੁੜਦੀ ਹੋਈ ਰਾਤ ਦੇ 10 ਕੁ ਵਜੇ ਗੁਰਦੁਆਰੇ ਸਾਹਿਬ ਗਈ। ਗੁਰਦੁਆਰੇ ਸਾਹਿਬ ਭੋਗ ਪੈ ਚੁਕਿਆ ਸੀ। ਕੀਰਤਨ ਸੋਹਲੇ ਦਾ ਪਾਠ ਕਰਕੇ, ਸ੍ਰੀ ਗੁਰੂ ਗ੍ਰੰਥਿ ਸਾਹਿਬ ਨੂੰ ਕੰਮਰੇ ਵਿੱਚ ਹੋਰ 15 ਕੁ ਸ੍ਰੀ ਗੁਰੂ ਗ੍ਰੰਥਿ ਸਾਹਿਬ ਕੋਲ ਰੱਖ ਦਿੱਤਾ ਸੀ। ਮੈਂ ਸੋਚਿਆ, ਕੰਮਰੇ ਵਿੱਚ ਮੱਥਾ ਟੇਕ ਆਉਂਦੀ ਹਾਂ। ਵੈਸੇ ਵੀ ਇਸ ਕੰਮਰੇ ਵਿੱਚ ਮੈਂ ਹਮੇਸ਼ਾਂ ਹੀ ਜਾਂਦੀ ਹਾਂ। ਬਹੁਤੀ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਲੇ ਕੰਮਰੇ ਨੂੰ ਤਾਲਾ ਲਗਾ ਹੁੰਦਾ ਹੈ। ਜਦੋਂ ਮੈਂ ਉੱਥੇ ਗਈ। ਮਨਮੀਤ ਸਿੰਘ ਭੁੱਲਰ ਸ੍ਰੀ ਗੁਰੂ ਗ੍ਰੰਥਿ ਸਾਹਿਬ ਜੀ ਦੇ ਕੰਮਰੇ ਵਿੱਚ ਹੀ ਬੈਠੇ ਸੀ। ਮੈਂ ਵੀ ਦਸ ਕੁ ਮਿੰਟ ਉਥੇ ਬੈਠੀ ਰਹੀ। ਉਸ ਦੀਆਂ ਅੱਖਾਂ ਉਵੇਂ ਹੀ ਬੰਦ ਸਨ। ਬਿਲਕੁਲ ਅਡੋਲ ਚੌਕੜੀ ਮਾਰੀ, ਅੱਖਾਂ ਮਿੱਚੀ ਬੈਠਾ ਸੀ। ਮਨਮੀਤ ਸਿੰਘ ਭੁੱਲਰ ਹਰ ਕੰਮ ਨੂੰ ਜੰਮ ਕੇ, ਦਾਵੇ ਨਾਲ ਕਰਦਾ ਸੀ। ਮਨਮੀਤ ਸਿੰਘ ਭੁਲਰ ਨੂੰ ਦੋ ਵਾਰ ਗੁਰਦੁਆਰੇ ਸਾਹਿਬ ਦੀ ਸਟੇਜ ਤੋਂ ਬੋਲਦੇ ਸੁਣਿਆ। ਇੱਕ ਵਾਰ ਉਹ ਜਿੱਤਣ ਪਿਛੋਂ ਲੋਕਾਂ ਦਾ ਧੰਨਵਾਦ ਕਰਨ ਆਏ ਸਨ। ਫਿਰ ਇੱਕ ਵਾਰ ਮਨਵੀਤ ਭੁਲਰ ਦੁਆਰਾ ਗੁਰਦੁਆਰੇ ਸਾਹਿਬ ਨੂੰ ਸਰਕਾਰ ਨੇ, ਚੈੱਕ ਦੀ ਅਦਾਇਗੀ ਕੀਤੀ ਸੀ। ਮਨਮੀਤ ਸਿੰਘ ਭੁੱਲਰ ਸਪੀਚ ਇਸ ਤਰਾ ਸ਼ੁਰੂ ਕਰਦੇ ਸਨ। " ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ ॥ ਫਰੀਦ ਜੀ ਕਹਿ ਰਹੇ ਹਨ। ਮੇਰਾ ਪਹਿਰਾਵਾ ਕਾਲਾ ਹੈ। ਮੇਰੀ ਪੁਸ਼ਾਕ ਕਾਲੀ ਹੈ। ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ ॥੬੧॥ ਮੈਂ ਔਗੁਣਾਂ ਨਾਲ ਭਰਿਆ ਹੋਇਆ ਫਿਰਦਾ ਹਾਂ ਤੇ ਦੁਨੀਆਂ ਮੈਨੂੰ ਫ਼ਕੀਰ ਆਖਦੀ ਹੈ ॥੬੧॥" ਮਨਮੀਤ ਸਿੰਘ ਭੁਲਰ ਵਿੱਚ ਐਮ.ਐਲ.ਏ ਵਾਲੀ ਕੋਈ ਆਕੜ, ਮਜਾਜ ਨਹੀਂ ਸੀ। ਆਮ ਲੋਕਾਂ ਕੋਲ ਖੜ੍ਹ ਕੇ ਗੱਲ ਕਰਦੇ ਸਨ। ਗੱਲ ਧਿਆਨ ਨਾਲ ਸੁਣਦੇ ਸਨ।

BAJAJ | Allianz

Dilbagh Singh
Senior Sales Manager

Mobile : +91 9814487852
Email : dilbagh.singh013@balk.in
Website : www.bajajallianz.com

Bajaj Allianz Life
Insurance Co. Ltd.
2nd Floor Konika Tower
Opp. Improvement Trust Office
Hargobind Nagar Market Phagwara
Kapurthala Punjab 144401
Tel : 01824 509153
Fax. 01824 508163

## ਸੰਜੀਦਾ ਤੇ ਸੰਵੇਦਨਸ਼ੀਲ ਸ਼ਾਇਰ

### ਗੁਰਤੇਜ ਕੋਹਾਰਵਾਲ

ਡਾ. ਅਮਰਜੀਤ ਸਿੰਘ



**ਗੁਰਤੇਜ ਕੋਹਾਰਵਾਲਾ** (15 ਅਗਸਤ 1961 ਤੋਂ ਹੁਣ ਤੱਕ)

ਗੁਰਤੇਜ ਦਾ ਜਨਮ ਪਿੰਡ ਕੋਹਾਰਵਾਲਾ (ਫ਼ਰੀਦਕੋਟ) ਵਿਖੇ ਹੋਇਆ। ਪੰਜਾਬੀ ਗ਼ਜ਼ਲ ਵਿੱਚ ਉਸਦੀ ਵਿਸ਼ੇਸ਼ ਮੁਹਾਰਤ ਰਹੀ ਹੈ ਪਹਿਲਾ ਪਹਿਲ ਉਹ ਪੰਜਾਬ ਰਾਜ ਬਿਜਲੀ ਬੋਰਡ ਵਿੱਚ ਰਿਹਾ ਅਤੇ ਇਸ ਤੋਂ ਉਪਰੰਤ ਉਹ ਅੱਜ ਤਕ ਅਧਿਆਪਨ ਦੇ ਕਾਰਜ ਵਿੱਚ ਕਰਮਸ਼ੀਲ ਹੈ। ਪੰਜਾਬੀ ਗ਼ਜ਼ਲ ਵਿੱਚ ਉਸਦੀ ਇੱਕੋ ਇੱਕ ਪੁਸਤਕ "ਪਾਣੀ ਦਾ ਹਾਸ਼ੀਆ" ਆਈ ਹੈ। ਇਸ ਤੋਂ ਪਹਿਲਾਂ ਉਸ ਦੀਆਂ ਗ਼ਜ਼ਲ ਰਚਨਾਵਾਂ ਵੱਖੋ-ਵੱਖਰੇ ਰਸਾਲਿਆ ਵਿੱਚ ਛੱਪਦੀਆ ਰਹੀਆ ਹਨ। ਉਹ ਆਪਣੀ ਗ਼ਜ਼ਲ ਅੰਦਰ ਸਵੈ-ਵਿਸ਼ਵਾਸ ਨੂੰ ਕੇਂਦਰ ਵਿੱਚ ਰੱਖਦਾ ਹੋਇਆ ਸਮੁੱਚੇ ਪਦਾਰਥਕ ਜਗਤ ਦੀ ਤਰਜ਼ਮਾਨੀ ਕਰਦਾ ਹੈ। ਉਸ ਦਾ ਸਵੈ ਇਨ੍ਹਾਂ ਜ਼ਿੰਦਾ ਦਿਲ ਅਤੇ ਵਿਸ਼ਾਲ ਹੈ ਕਿ ਉਸ ਵਿੱਚ ਸਮੁੱਚਾ ਪਦਾਰਥਕ ਇੱਕ ਸਾਰ ਅਤੇ ਇੱਕ ਸੁਰ ਹੋ ਕੇ ਬਹਿੰਦਾ ਹੈ। ਇਹ ਜਗਤ ਉਸ ਦੀ ਗ਼ਜ਼ਲ ਅੰਦਰ ਕੇਵਲ ਦ੍ਰਿਸ਼ਾ ਦੀ ਭਰਮਾਰ ਹੀ ਉਜਾਗਰ ਨਹੀ ਕਰਦਾ ਸਗੋਂ ਦ੍ਰਿਸ਼ਾਂ ਦੇ ਸਰੂਪ ਅੰਦਰ ਮੋਜੂਦ ਸੁਹਪਣ ਵੀ ਉਸਦੇ ਸ਼ੇਅਰਾ ਅੰਦਰ ਆ ਜਾਂਦਾ ਹੈ। ਪੰਜਾਬੀ ਸਾਹਿਤ ਸਿਰਜਣਾ ਵਿਚ ਗੁਰਤੇਜ ਪੰਜਾਬੀ ਗ਼ਜ਼ਲ ਨੂੰ ਨਿਵੇਕਲੇ ਦਿਸ੍ਰਟੀਕੋਣ ਤੋ ਅਨੁਭਵ ਕਰਦਾ ਹੈ । ਉਸ ਦਾ ਇਹ ਨਿਵੇਕਲਾ ਮੁਹਾਂਦਰਾ ਇਸ ਦਿਸ੍ਰਟੀਕੋਣ ਨੂੰ ਵਿਸਥਾਰ ਦਿੰਦਾ ਹੈ।

ਪ੍ਰੋ. ਅਨਿਲ ਧੀਮਾਨ ਅਨੁਸਾਰ ਕੋਹਾਰਵਾਲਾ ਦੀ ਗ਼ਜ਼ਲ ਵੀ ਉਸ ਦੀ ਸ਼ਖ਼ਸੀਅਤ ਵਾਂਗ ਹੀ ਸੰਜੀਦਾ ਤੇ ਸੰਵੇਦਨਸ਼ੀਲ ਹੈ। ਉਸ ਦੀਆਂ ਗ਼ਜ਼ਲਾਂ 'ਚ ਮਾਨਵੀ ਸੰਵੇਦਨਾਵਾਂ ਦੇ ਵਸਤੂਗਤ ਯਥਾਰਥ ਦੀਆਂ ਬਹੁਪਰਤਾਂ ਦਾ ਦਵੰਦ ਅਭਿਵਿਅਕਤ ਹੁੰਦਾ ਹੈ। ਲਗਾਤਾਰ ਕਰੂਰ ਹੋ ਰਹੇ ਇਸ ਸਮਕਾਲੀ ਸੰਸਾਰ 'ਚ ਮਨੁੱਖ ਤੇ ਮਨੁੱਖਤਾ ਦੀ ਸਥਿਤੀ ਨੂੰ ਲੈ ਕੇ ਗੁਰਤੇਜ ਲਗਾਤਾਰ ਚਿੰਤਤ ਹੀ ਨਹੀਂ ਹੁੰਦਾ, ਬਲਕਿ ਉਸ ਦੇ ਵਿਰੁੱਧ ਰਚਨਾ-ਗ਼ਜ਼ਲ ਦੇ ਮੋਰਚੇ ਤੋਂ ਇੱਕ ਰਚਨਾਤਮਕ ਲੜਾਈ ਵੀ ਲੜ ਰਿਹਾ ਹੈ। ਸਮਕਾਲੀ ਪੰਜਾਬੀ ਗ਼ਜ਼ਲ ਨੂੰ ਇੱਕ ਨਵਾਂ ਮੁਹਾਵਰਾ ਤੇ ਵੰਨਗੀ ਦੇਣ ਵਾਲੇ ਸ਼ਾਇਰਾਂ 'ਚ ਗੁਰਤੇਜ ਕੋਹਾਰਵਾਲਾ ਦੀ ਗ਼ਜ਼ਲਗੋਈ ਨੁਮਾਇਆਂ ਹੋਕੇ ਸਾਹਮਣੇ ਆਉਂਦੀ ਹੈ।

ਉਸ ਦਾ ਹਰ ਇੱਕ ਸ਼ੇਅਰ ਮੁਕੰਮਲ ਗ਼ਜ਼ਲ ਦਾ ਰੂਪ ਹੀ ਹੁੰਦਾ ਹੈ। ਇਸੇ ਮੁਕੰਮਲ ਰੂਪ ਵਿੱਚ ਉਸਦਾ ਸ਼ੇਅਰ ਆਪਣੇ ਆਪ ਦੀ ਪਰਵਾਨਗੀ ਖੁਦ ਲੈ ਲੈਂਦਾ ਹੈ, ਜਿਸ ਤਰ੍ਹਾਂ:-

**ਵਪਾਰੀ ਹੋਣ ਦਾ ਔਖਾ ਹੁਨਰ ਆਇਆ ਨਹੀਂ ਮੈਨੂੰ,**
**ਲਹੂ ਨੂੰ ਵੇਚ ਕੇ ਪਾਣੀ ਅਜੇ ਪਰਵਾਨ ਕਰਦਾ ਹਾਂ।**
**ਜਿਵੇਂ ਸ਼ੀਸ਼ੇ ਦੇ ਹੱਥਾਂ ਨਾਲ਼ ਕੋਈ ਤੋੜੇ ਦੀਵਾਰਾਂ,**
**ਮੈਂ ਖ਼ੁਦ ਨੂੰ ਲਭਦਿਆਂ ਅਪਣਾ ਬੜਾ ਨੁਕਸਾਨ ਕਰਦਾ ਹਾਂ।**

ਆਪਣਾ ਸਵੈ ਮੁੱਕਾ ਕੇ ਕਿਸੇ ਹੁਨਰ ਦੀ ਤਲਾਸ਼ ਕਰਨੀ ਤੇ ਉਸ ਹੁਨਰ ਵਿੱਚੋਂ ਸਮੁਚੇ ਤਨਾਅ ਨੂੰ ਖੰਡਾਉਣਾ ਵੀ ਗੁਰਤੇਜ ਦੇ ਸ਼ੇਅਰਾ ਵਿੱਚ ਪ੍ਰਗਟ ਹੁੰਦਾ ਹੈ। ਇਸ ਦੀ ਉਦਾਹਰਨ ਇਸ ਸ਼ੇਅਰ ਵਿੱਚ ਮਿਲਦੀ ਹੈ:-

**ਹਨ੍ਹੇਰਾ ਮਨ ਦਾ ਤੇ ਅੱਖਾਂ ਦਾ ਘੱਟਾ ਧੋਣ ਲੱਗਾ ਹਾਂ**
**ਐ ਜਗਦੇ ਦੀਵਿਓ ! ਛੁਪ ਕੇ ਤੁਹਾਥੋਂ ਰੋਣ ਲੱਗਾ ਹਾਂ**
**ਅਚਾਨਕ ਹੋ ਗਏ ਨੰਗੇ ਮੇਰੇ ਅੰਦਰ ਕਈ ਖੱਪੇ**
**ਮੈਂ ਇਕ ਸੁਪਨੇ 'ਚ ਸਾਂ ਜੀਕਣ ਮੁਕੰਮਲ ਹੋਣ ਲੱਗਾ ਹਾਂ**

ਪਾਸ ਹੋਣ ਅਤੇ ਦੂਰ ਹੋਣ ਵਿੱਚ ਉਡੀਕ ਅਤੇ ਮਿਲਾਪ ਦੀ ਇੱਕ ਅਜੀਬ ਕਸ਼ਮ-ਕਸ਼ ਰਹਿੰਦੀ ਹੈ। ਅਧੂਰਾਪਨ ਹੀ ਸਮੁਚੇ ਆਪੇ ਨੂੰ ਕਿਸੇ ਹੋਣ ਦੇ ਆਸਰੇ ਨਾਲ ਭਰਦਾ ਹੈ। ਗੁਰਤੇਜ ਦੇ ਸ਼ੇਅਰ ਇਸ ਅਸਰੇ ਅਤੇ ਧਰਵਾਸ ਨੂੰ ਇਸ ਤਰ੍ਹਾਂ ਅਪਣਾਉਂਦੇ ਹਨ:-

**ਕਰੀਂ ਨਾ, ਪਰ ਮੁਕੰਮਲ ਕਰਨ ਦੇ ਨੇੜੇ ਕਰੀ ਰੱਖੀਂ**
**ਰਹਾਂ ਊਣਾ ਜ਼ਰਾ, ਕੁਝ ਇਸ ਤਰ੍ਹਾਂ ਮੈਨੂੰ ਭਰੀ ਰੱਖੀਂ**
**ਤੇਰੀ ਧੜਕਣ 'ਚ ਸ਼ਾਇਦ ਮੈਂ ਵੀ ਮਿਲ ਜਾਵਾਂ ਕਿਸੇ ਥਾਂ 'ਤੇ**
**ਬਸ ਆਪਣੀ ਨਬਜ਼ 'ਤੇ ਮੇਰੇ ਲਈ ਉਂਗਲ ਧਰੀ ਰੱਖੀਂ।**

ਤਿੜਕ ਰਹੇ ਰਿਸ਼ਤਿਆਂ ਦੀ ਕਹਾਣੀ

## ਹਵਾੜ

ਮਨਜੀਤ ਕੌਰ ਢੀਂਡਸਾ



ਗੁਰਦੇਵ ਤੇ ਗੁਰਜੀਤ ਦੋਵੇ ਜੀਅ ਬਹੁਤ ਖੁਸ਼ ਸੀ ਕਿਉਂਕਿ ਅੱਜ ਉਨ੍ਹਾਂ ਦੇ ਘਰ ਬੇਟੇ ਸੂਰਜ ਤੋ ਬਾਅਦ ਬੇਟੀ ਨੇ ਜਨਮ ਲਿਆ ਸੀ ਜਿਸ ਦਾ ਉਨ੍ਹਾਂ ਨੇ ਨਾਮ ਕਿਰਨ ਰੱਖਿਆ।

ਭਾਵੇ ਗੁਰਦੇਵ ਖੇਤੀ ਕਰਦਾ ਸੀ। ਉਸ ਕੋਲ 4-5 ਏਕੜ ਜਮੀਨ ਸੀ ਪਰ ਉਸਨੇ ਆਪਣੇ ਦੋਵੇਂ ਬੱਚਿਆ ਨੂੰ ਵਧੀਆ ਪੜ੍ਹਾਈ ਕਰਵਾਈ 'ਹੁਣ ਸੂਰਜ ਨੂੰ ਇੰਜੀਨੀਅਰ ਦਾ ਕੋਰਸ ਕਰਵਾਇਆ ਤੇ ਕਿਰਨ ਨੇ ਵੀ ਹੁਣ ਬੀ.ਐਡ. ਕਰ ਲਈ ਸੀ। ਸੂਰਜ ਨੌਕਰੀ ਲਈ ਕੋਸ਼ਿਸ਼ ਕਰਦਾ ਰਿਹਾ ਪਰ ਉਸਨੂੰ ਅਸਫਲਤਾ ਹੀ ਮਿਲੀ ਤੇ ਕਿਰਨ ਵਿਹਲੇ ਬੈਠਣ ਨਾਲੋ ਕਿਸੇ ਪ੍ਰਾਈਵੇਟ ਸਕੂਲ 'ਚ ਪੜ੍ਹਾਉਣ ਲੱਗੀ ਤੇ ਉਹ ਆਪਣੀ ਮਾਂ ਦੀ ਤਰ੍ਹਾਂ ਘਰ ਦੇ ਹਰ ਕੰਮ 'ਚ ਨਿਪੁੰਨ ਸੀ।

ਗੁਰਜੀਤ ਆਪਣੇ ਦੋਵੇ ਬੱਚਿਆਂ ਲਈ ਬਹੁਤ ਫਿਕਰਮੰਦ ਰਹਿਣ ਲੱਗੀ ਕਿਉਂਕਿ ਸੂਰਜ ਹੁਣ ਉਦਾਸ ਰਹਿਣ ਲੱਗਾ ਸੀ ਤੇ ਉਸਨੂੰ ਹੁਣ ਕਿਰਨ ਦੇ ਵਿਆਹ ਦਾ ਫਿਕਰ ਵੀ ਸਤਾਉਣ ਲੱਗਾ। ਇੱਕ ਦਿਨ ਗੁਰਜੀਤ ਨੂੰ ਉਸਦੇ ਬਾਹਰ ਗਏ ਕਿਸੇ ਰਿਸ਼ਤੇਦਾਰ ਦਾ ਫੋਨ ਆਇਆ ਕਿ ਇੱਕ ਨਿਰਮਲ ਨਾਂ ਦਾ ਮੁੰਡਾ ਬਾਹਰ ਗਿਆ ਹੋਇਆ ਹੈ ' ਕਿ ਉਹ ਕਿਰਨ ਦੇ ਰਿਸ਼ਤੇ ਲਈ ਦੇਖ ਲੈਣ । ਜਦੋ ਗੁਰਜੀਤ ਨੇ ਗੁਰਦੇਵ ਨੂੰ ਦੱਸਿਆ ਤਾਂ ਉਸਨੇ ਮਨ੍ਹਾਂ ਕਰ ਦਿੱਤਾ ਕਿਉਂਕਿ ਉਹ ਬਾਹਰਲੇ ਦੇਸ਼ਾਂ ਬਾਰੇ ਬਹੁਤ ਕੁਝ ਸੁਣ ਚੁੱਕਿਆ ਸੀ। ਪਰ ਗੁਰਜੀਤ ਇਸੇ ਰਿਸ਼ਤੇ ਤੇ ਅੜੀ ਹੋਈ ਸੀ। ਕੁਝ ਦਿਨਾਂ ਬਾਅਦ ਗੁਰਜੀਤ ਦੀ ਬਾਹਰੋ ਭੈਣ ਆ ਗਈ ਤੇ ਉਹ ਮੁੰਡਾ ਵੀ , ਗੁਰਜੀਤ ਗੁਰਦੇਵ ਨੂੰ ਮਨਾਉਣ ਲੱਗੀ ਤੇ ਕਹਿਣ ਲੱਗੀ ਕਿ ਜੇ ਕਿਰਨ ਬਾਹਰ ਚਲੀ ਗਈ ਤਾਂ ਸੂਰਜ ਦਾ ਵੀ ਕੁਝ ਬਣ ਜਾਉ। ਇੱਥੇ ਕਿਹੜਾ ਨੌਕਰੀ ਮਿਲੀ ਪਈ ਐ । ਇਹ ਸੁਣ ਕੇ ਗੁਰਦੇਵ ਮੰਨ ਗਿਆ। ਪਰ ਜਦੋਂ ਉਨ੍ਹਾਂ ਨੇ ਮੁੰਡਾ ਦੇਖਿਆ ਤਾਂ ਕਿਰਨ ਨਾਲੋਂ ਘੱਟੋ ਘੱਟ 10 ਸਾਲ ਵੱਡਾ ਲੱਗਦਾ ਸੀ ,ਇਹ ਦੇਖ ਕੇ ਗੁਰਦੇਵ ਉਦਾਸ ਹੋ ਗਿਆ ਪਰ ਗੁਰਜੀਤ ਨੇ ਬੱਚਿਆ ਦੇ ਚੰਗੇ ਭਵਿੱਖ ਲਈ ਗੁਰਦੇਵ ਨੂੰ ਮਨਾ ਲਿਆ ,ਤੇ ਉਨ੍ਹਾਂ ਨੇ ਨਿਰਮਲ ਕੋਲ ਸਮਾਂ ਘੱਟ ਹੋਣ ਕਾਰਨ ਵਿਆਹ ਜਲਦੀ ਕਰ ਦਿੱਤਾ। ਕਿਰਨ ਵੀ ਆਪਣੇ ਮਾਪਿਆਂ ਦੀ ਖੁਸ਼ੀ 'ਚ ਖੁਸ਼ ਸੀ। ਕਿਰਨ ਜਦੋ ਵਿਆਹ ਕੇ ਨਿਰਮਲ ਦੇ ਘਰ ਗਈ , ਉਹ ਬਹੁਤ ਖੁਸ਼ ਸੀ। ਪਰ ਜਦੋਂ ਰਾਤ ਨੂੰ ਨਿਰਮਲ ਕਮਰੇ ਅੰਦਰ ਆਇਆ ਤਾਂ ਉਹ ਸ਼ਰਾਬ ਦਾ ਰੱਜਿਆ ਹੋਇਆ ਸੀ। ਇਹ ਦੇਖ ਕੇ ਕਿਰਨ ਨੂੰ ਬਹੁਤ ਵੱਡਾ ਝਟਕਾ ਲੱਗਿਆ,ਪਰ ਨਿਰਮਲ ਬੇਸ਼ਰਮਾਂ ਦੀ ਤਰ੍ਹਾਂ ਹੱਸਣ ਲੱਗਿਆ ਕਿਉਂਕਿ ਕਿਰਨ ਨੇ ਨੱਕ ਤੇ ਹੱਥ ਰੱਖ ਲਿਆ ਸੀ ਤੇ ਉਸਨੂੰ ਉਲਟੀ ਵੀ ਆਉਣ ਵਾਲੀ ਹੋ ਗਈ ਸੀ। ਸ਼ਰਾਬ ਦੀ ਹਵਾੜ ਨਾਲ ਉਸਨੂੰ ਚੱਕਰ ਆਉਣ ਲੱਗੇ, ਇਹ ਦੇਖ ਕੇ ਨਿਰਮਲ ਕਹਿੰਦਾ ਹੁਣ ਇਸ ਹਵਾੜ ਦੀ ਆਦਤ ਪਾ ਲੈ ਇਹ ਸਮਝ ਲਾ ਕਿ ਇਹ ਉਸਦੀ ਜ਼ਿਦੰਗੀ ਦਾ ਅੰਗ ਹੈ। ਇਸ ਤੋਂ ਬਾਅਦ ਨਿਰਮਲ ਕਿਰਨ ਤੇ ਪਸ਼ੂਆਂ ਦੀ ਤਰਾਂ ਟੁੱਟ ਪਿਆ। ਕਿਰਨ ਬਿਨ ਪਾਣੀ ਮੱਛਲੀ ਦੀ ਤਰ੍ਹਾਂ ਤੜਫਣ ਲੱਗੀ। ਜਦੋਂ ਦੂਜੇ ਦਿਨ ਗੁਰਦੇਵ ਤੇ ਗੁਰਜੀਤ ਆਪਣੀ ਬੇਟੀ ਨੂੰ ਮਿਲਣ ਗਏ , ਤਾਂ ਕਿਰਨ ਆਪਣੀ ਮਾਂ ਦੇ ਗਲ ਲੱਗ ਕੇ ਬੁਰੀ ਤਰ੍ਹਾਂ ਰੋਣ ਲੱਗੀ। ਗੁਰਜੀਤ ਆਪਣੀ ਧੀ ਦਾ ਚਿਹਰਾ ਦੇਖ ਕੇ ਬਿਨ੍ਹਾਂ ਕਹੇ ਸ਼ਭ ਕੁਝ ਸਮਝ ਗਈ । ਇਹ ਸਭ ਕੁਝ ਦੇਖ ਕੇ ਗੁਰਦੇਵ ਵੀ ਅੰਦਰੋਂ ਟੁੱਟ ਗਿਆ, ਪਰ ਗੁਰਦੇਵ ਨੇ ਸਮਝਦਾਰੀ ਤੋਂ ਕੰਮ ਲੈਂਦਿਆ ਆਪਣੀ ਬੇਟੀ ਨੂੰ ਪੁੱਛਣ ਲੱਗਾ ਕਿ ਉਸਨੇ ਸਾਰੀ ਉਮਰ ਰੋਣਾ ਹੈ ਜਾਂ ਇਸ ਦਲਦਲ 'ਚੋ ਨਿਕਲਣਾ ਹੈ ਬੇਸ਼ੱਕ ਕਿਰਨ ਲਈ ਭਾਵੇਂ ਇਹ ਫ਼ੈਸਲਾ ਲੈਣਾ ਕੋਈ ਸੌਖਾ ਕੰਮ ਨਹੀ ਸੀ। ਪਰ ਕਿਰਨ ਸਾਰੀ ਉਮਰ ਇਸ ਹਵਾੜ 'ਚ ਗੁਜ਼ਾਰਨ ਨਾਲੋਂ ਇਸ ਵਿੱਚੋ ਨਿਕਲਣਾ ਹੀ ਬਿਹਤਰ ਸਮਝਦੀ ਸੀ। ਸੋ ਉਸਨੇ ਇਸ ' ਹਵਾੜ ' ਭਰੀ ਜ਼ਿੰਦਗੀ 'ਚੋ ਨਿਕਲਣ ਦਾ ਫ਼ੈਸਲਾ ਕਰ ਲਿਆ।

## ਤਿਲਸਮਈ ਕਹਾਣੀ

## ਜੀਵਨ ਦੀ ਬੁਨਿਆਦ

ਅਮਨਦੀਪ ਸਿੰਘ



ਸੈਂਚੀ ਗ੍ਰਹਿ ਦੀ ਇਹ ਸਵੇਰ ਹੋਰ ਸਵੇਰਾਂ ਵਰਗੀ ਖ਼ੂਬਸੂਰਤ ਅਤੇ ਜੀਵਤ ਨਹੀਂ ਸੀ । ਉਸ ਵਿੱਚੋਂ ਇੱਕ ਅਜੀਬ ਕਿਸਮ ਦੀ ਉਦਾਸੀ ਅਤੇ ਖ਼ਮੋਸ਼ੀ ਝਲਕ ਰਹੀ ਸੀ । ਸਮੇਂ ਦਾ ਕਾਰਵਾਂ ਰਾਹਾਂ ਦੇ ਉੱਪਰ ਆਪਣੇ ਨਿਸ਼ਾਨ ਛੱਡ ਕੇ ਚਲਿਆ ਜਾਂਦਾ ਹੈ । ਸ੍ਰਿਸ਼ਟੀ ਵਿੱਚ ਇੰਝ ਹੀ ਬਹੁਤ ਸਾਰੀਆਂ ਪਦਾਰਥਕ ਵਸਤਾਂ ਹੋਂਦ ਵਿੱਚ ਆ, ਆਪਣਾ ਜੀਵਨ-ਕਾਲ ਗੁਜ਼ਾਰ ਕੇ ਅੰਤ ਵਿਨਾਸ਼ ਦੀ ਗੋਦ ਵਿੱਚ ਜਾ ਬੈਠਦੀਆਂ ਹਨ । ਜਿਹੜੀ ਵਸਤ ਆਪਣਾ ਸਮਪੂਰਨ ਜੀਵਨ-ਕਾਲ ਭੋਗ ਕੇ ਸਮਾਪਤ ਹੁੰਦੀ ਹੈ, ਉਸਦੇ ਜਾਣ ਦਾ ਇੰਨਾ ਦੁੱਖ ਨਹੀਂ ਹੁੰਦਾ ਜਿੰਨਾ ਆਪਣਾ ਜੀਵਨ-ਕਾਲ ਭੋਗਣ ਤੋਂ ਪਹਿਲਾਂ ਹੀ ਸਮਾਪਤ ਹੋਈ ਵਸਤ ਦਾ ਹੁੰਦਾ ਹੈ ! ਸੈਂਚੀ ਗ੍ਰਹਿ ਨੂੰ ਵੀ ਕੁੱਝ ਅਜਿਹਾ ਹੀ ਦਰਦ ਹੰਢਾਉਣਾ ਪੈ ਰਿਹਾ ਸੀ । ਆਪਣਾ ਜੀਵਨ-ਕਾਲ ਭੋਗਣ ਤੋਂ ਪਹਿਲਾਂ ਹੀ ਸੈਂਚੀ ਗ੍ਰਹਿ ਵਿਨਾਸ਼ ਦੀ ਚੱਕੀ ਵਿੱਚ ਪੀਸਿਆ ਗਿਆ ਸੀ । ਉਸਦੀ ਹਿੱਕ ਉੱਤੇ ਵਸਣ ਵਾਲੀ ਸਭਿਅੱਤਾ ਦੀ ਰੁਮਕਦੀ ਰੌਅ ਸਮੇਂ ਤੋਂ ਪਹਿਲਾਂ ਹੀ ਖਤਮ ਹੋ ਗਈ ਸੀ । ਅੱਜ ਸੈਂਚੀ ਗ੍ਰਹਿ ਤੇ ਪੁਰਾਣੀਆਂ ਯਾਦਾਂ ਦੇ ਨਾਮ ਤੇ ਖੰਡਰ ਸਨ, ਅਤੇ ਉਨ੍ਹਾਂ ਦੇ ਅੰਦਰ ਦੱਬੀਆਂ ਚੀਖਾਂ ਸਨ । ਇੱਕ ਵਿਸਫੋਟ ਜਿਹਾ ਹੋਇਆ ਅਤੇ ਸੈਂਚੀ ਗ੍ਰਹਿ ਥੋੜੇ ਜਿਹੇ ਸਮੇਂ ਵਿੱਚ ਹੀ ਪੂਰੇ ਦਾ ਪੂਰਾ ਤਬਾਹ ਹੋ ਗਿਆ । ਕੁੱਝ ਵੀ ਨਹੀਂ ਸੀ ਬਚਿਆ - ਹਰ ਇੱਕ ਚੀਜ਼ ਖਤਮ ਹੋ ਚੁੱਕੀ ਸੀ !

ਸੈਂਚੀ ਗ੍ਰਹਿ ਦੀ ਇਹ ਤਬਾਹੀ ਕੁਦਰਤੀ ਨਹੀਂ ਸੀ । ਇਹ ਤਾਂ ਉੱਥੇ ਵਸਣ ਵਾਲੇ ਮਨੁੱਖਾਂ ਦੀ ਆਪਸੀ ਲੜਾਈ ਦਾ ਨਤੀਜਾ ਸੀ । ਦਸ ਸਾਲਾਂ ਤੋਂ ਉੱਥੇ ਦੇ ਦੋ ਦੇਸਾਂ ਵਿਚਕਾਰ ਹੋ ਰਹੀ ਜੰਗ ਦੇ ਕਰਕੇ ਇਸ ਤਬਾਹੀ ਦੀ ਸ਼ੁਰੂਆਤ ਹੋਈ ਸੀ । ਸੈਂਚੀ ਗ੍ਰਹਿ ਤੇ ਵੱਸਦੇ ਦੋ ਦੇਸ ਕਰੀਨਾ ਅਤੇ ਸੇਜਲ ਵਿਗਿਆਨ ਦੀ ਤਰੱਕੀ ਦੇ ਸਿਖਰ 'ਤੇ ਪਹੁੰਚ ਚੁੱਕੇ ਸਨ । ਉਨ੍ਹਾਂ ਨੇ ਇੱਕ ਤੋਂ ਵਧ ਕੇ ਮਾਰੂ ਹਥਿਆਰ ਅਤੇ ਬੰਬ ਬਣਾਏ ਹੋਏ ਸਨ - ਅਤੇ ਉਹਨਾਂ ਭਿਆਨਕ ਬੰਬਾਂ ਦੇ ਨਾਲ ਇੱਕ ਦੂਸਰੇ ਨੂੰ ਖਤਮ ਕਰ ਦਿੱਤਾ .... ਜਿਵੇਂ ਕਿ ਪੁਰਾਣੀ ਕਹਾਵਤ ਹੈ ਕਿ ਇੱਕ ਮਿਆਨ ਵਿੱਚ ਦੋ

ਤਲਵਾਰਾਂ ਨਹੀਂ ਰਹੀ ਸਕਦੀਆਂ, ਇਵੇਂ ਹੀ ਕਰੀਨਾ ਅਤੇ ਸੇਜਲ ਦੇਸ ਸੈਂਚੀ ਗ੍ਰਹਿ ਵਿੱਚ ਇੱਕਠੇ ਰਹਿਣ ਵਿੱਚ ਅਸਫ਼ਲ ਰਹੇ ! ਦੋਵੇਂ ਆਪਣੇ ਆਪ ਨੂੰ ਇੱਕ ਦੂਜੇ ਤੋਂ ਉੱਤਮ ਅਤੇ ਮਹਾਨ ਸਮਝਦੇ ਸਨ ਅਤੇ ਦੂਜੇ ਦੇਸ ਨੂੰ ਆਪਣਾ ਗੁਲਾਮ ਬਣਾ ਕੇ ਰੱਖਣਾ ਚਾਹੁੰਦੇ ਸਨ। ਪਰ ਕਿਉਂਕਿ ਦੋਵੇਂ ਹੀ ਸ਼ਕਤੀਸ਼ਾਲੀ ਅਤੇ ਵਿਗਿਆਨ ਦੇ ਵਿੱਚ ਵਿਕਸਿਤ ਸਨ, ਦੋਵਾਂ ਵਿੱਚੋਂ ਕੋਈ ਵੀ ਇੱਕ ਦੂਜੇ ਦੀ ਪ੍ਰਭੂਸੱਤਾ ਮੰਨਣਾ ਨਹੀਂ ਸੀ ਚਾਹੁੰਦਾ। ਇੱਕ ਦੂਜੇ ਨੂੰ ਆਪਣੀ ਪ੍ਰਭੂਸੱਤਾ ਮਨਾਉਣ ਲਈ ਉਹਨਾਂ ਵਿਚਕਾਰ ਜੰਗ ਸ਼ੁਰੂ ਹੋ ਗਈ। ਦੋਵੇਂ ਦੇਸ ਤਬਾਹਕੁੰਨ ਹਥਿਆਰਾਂ ਦੀ ਵਰਤੋਂ ਕਰਨ ਲੱਗ ਪਏ। ਹਰੇਕ ਵਿਅਕਤੀ ਨੂੰ ਇਸ ਜੰਗ ਵਿੱਚ ਖਿਚ ਲਿਆ ਗਿਆ। ਕੋਈ ਵੀ ਇਸ ਸੰਗ੍ਰਾਮ ਦੀ ਮਾਰ ਤੋਂ ਨਾ ਬਚ ਸਕਿਆ। ਦੋਵਾਂ ਦੇਸਾਂ ਕੋਲ ਭਿਆਨਕ ਰਸਾਇਣਕ ਅਤੇ ਪ੍ਰਮਾਣੂ ਹਥਿਆਰਾਂ ਦੇ ਜ਼ਖੀਰੇ ਸਨ - ਕਿਸੇ ਵੀ ਵਕਤ ਉਹ ਇਹਨਾਂ ਵਿਨਾਸ਼-ਸ਼ਾਸ਼ਤਰਾਂ ਨਾਲ ਤਬਾਹੀ ਲਿਆ ਸਕਦੇ ਸਨ। ਕੋਈ ਵੀ ਦੇਸ ਆਪਣੀ ਹਾਰ ਮੰਨਣ ਲਈ ਤਿਆਰ ਨਹੀਂ ਸੀ। ਸ਼ਾਂਤੀ ਦੇ ਪੁਜਾਰੀ ਆਪਣੀਆਂ ਕੋਸ਼ਿਸ਼ਾਂ ਕਰ ਕਰ ਹਾਰ ਚੁੱਕੇ ਸਨ ...

ਜੇ ਤਲਵਾਰਾਂ ਮਜ਼ਬੂਤ ਹੋਣ ਤਾਂ ਛੇਤੀ ਟੁੱਟਦੀਆਂ ਵੀ ਨਹੀਂ। ਇਵੇਂ ਹਿ ਦੋਵੇਂ ਦੇਸ ਵੀ ਜੰਗ ਦੀ ਮਾਰ ਤੋਂ ਟੁੱਟ ਨਹੀਂ ਸੀ ਰਹੇ। ਇੱਕ ਦੂਜੇ ਤੇ ਉਹ ਨਿੱਤ ਨਵੇਂ ਹਥਿਆਰਾਂ ਨਾਲ ਹਮਲੇ ਕਰ ਰਹੇ ਸਨ - ਸ਼ਹਿਰਾਂ ਦੇ ਸ਼ਹਿਰ ਤਬਾਹ ਹੋ ਰਹੇ ਸਨ। ਅਣਗਿਣਤ ਮਨੁੱਖਾਂ ਦੀਆਂ ਜਾਨਾਂ ਜੰਗ ਦੀ ਜਵਾਲਾ ਦੀ ਭੇਂਟ ਚੜ੍ਹ ਰਹੀਆਂ ਸਨ - ਅਤੇ ਉਹ ਜਵਾਲਾ ਹੋਰ ਵੀ ਪ੍ਰਚੰਡ ਹੋ ਰਹੀ ਸੀ। ਸ਼ਹਿਰ ਖੰਡਰਾਂ ਵਿੱਚ ਤਬਦੀਲ ਹੋ ਰਹੇ ਸਨ। ਲੋਕਾਂ ਦੀਆਂ ਲਾਸ਼ਾਂ ਦੇ ਉੱਪਰ ਕੋਈ ਰੋਣ ਵਾਲਾ ਵੀ ਨਹੀਂ ਬਚ ਰਿਹਾ ਸੀ। ਮਾਸੂਮ ਅਤੇ ਨਿਰਦੋਸ਼ ਲੋਕ ਜੰਗ ਦੀ ਪ੍ਰਚੰਡ ਜਵਾਲਾ ਦੇ ਵਿੱਚ ਝੋਂਕੇ ਜਾ ਰਹੇ ਸਨ, ਅਤੇ ਉਹ ਜਵਾਲਾ ਬੁਝਣ ਦਾ ਨਾਮ ਹਿ ਨਹੀਂ ਲਈ ਰਹੀ ਸੀ। ਉਸਦੀਆਂ ਲਪਟਾਂ ਸੱਤਵੇਂ ਅਸਮਾਨ ਨੂੰ ਛੂਹ ਰਹੀਆਂ ਸਨ।

ਉਹ ਦਿਨ ਵੀ ਆਇਆ ਜਦੋਂ ਇਹ ਸੰਗ੍ਰਾਮ ਆਪਣੇ ਸਿਖਰ ਤੇ ਪੁੱਜ ਗਿਆ। ਜਦੋਂ ਪ੍ਰਮਾਣੂ ਬੰਬ ਦੀ ਵਰਤੋਂ ਕੀਤੀ ਗਈ। ਮਨੁੱਖ ਦਾ ਵਹਿਸ਼ੀਪੁਣਾ ਆਪਣੇ ਪੂਰੇ ਜਲੌ ਵਿੱਚ ਪੁੱਜ ਗਿਆ। ਪਹਿਲਾਂ ਕਰੀਨਾ ਦੇਸ ਦੇ ਲੜਾਕੂ ਜਹਾਜ਼ਾਂ ਨੇ ਸੇਜਲ ਦੇਸ ਦੇ ਦੋ ਸ਼ਹਿਰਾਂ ਤੇ ਬੰਬ ਸੁੱਟੇ। ਉਸਦੇ ਬਦਲੇ ਵਿੱਚ ਸੇਜਲ ਨੇ ਕਰੀਨਾ ਦੇ ਚਾਰ ਸ਼ਹਿਰਾਂ 'ਤੇ ਪ੍ਰਮਾਣੂ ਬੰਬ ਸੁੱਟੇ। ਫੇਰ ਤਾਂ ਜਿਵੇਂ ਪ੍ਰਮਾਣੂ ਬੰਬਾਂ ਦੀ ਇੱਕ ਲੜੀ ਫਟਣੀ ਸ਼ੁਰੂ ਹੋ ਗਈ - ਅਤੇ ਇੱਕ ਇੱਕ ਕਰਕੇ ਦੋਵੇਂ ਦੇਸਾਂ ਦੇ ਸ਼ਹਿਰ ਤਬਾਹ ਹੋਣ ਲੱਗੇ। ਦਰਦਨਾਕ ਸੰਗ੍ਰਾਮ ਦਾ ਅੰਤਿਮ ਕਾਂਡ ਸ਼ੁਰੂ ਹੋ ਗਿਆ ਸੀ। ਪ੍ਰਮਾਣੂ ਬੰਬਾਂ ਤੇ ਬਾਅਦ ਹਾਇਡ੍ਰੋਜਨ ਅਤੇ ਮੈਗਾਟਰੋਨ ਬੰਬਾਂ ਦੇ ਨਾਲ ਤਬਾਹੀ ਨੂੰ ਅੰਜਾਮ ਦੇਣ ਲਈ ਦੋਵੇਂ ਦੇਸਾਂ ਦੇ ਲੜਾਕੂ ਪਾਗਲ ਹੋ ਗਏ। ਅਤੇ ਫਿਰ ਉਹ ਸਮਾਂ ਵੀ ਆਇਆ ਜਦੋਂ ਕੁੱਝ ਵੀ ਨਹੀਂ ਬਚਿਆ - ਸਾਰੇ ਸ਼ਹਿਰ ਤਬਾਹ ਹੋ ਗਏ। ਸਾਰੇ ਮਨੁੱਖ ਮੌਤ ਦੀ ਗੋਦ ਵਿੱਚ ਸੌਂ ਗਏ - ਅਤੇ ਨਾ ਹੀ ਉਹਨਾਂ ਲਾਸ਼ਾਂ ਤੇ ਰਾਜ ਕਰਨ ਵਾਲੇ ਬਚੇ!

ਦੋਵੇਂ ਤਲਵਾਰਾਂ ਟੁੱਟ ਗਈਆਂ ਤੇ ਮਿਆਨ ਵੀ ਚੀਥੜੇ ਚੀਥੜੇ ਹੋ ਗਏ!

ਖ਼ੂਬਸੂਰਤ ਸ਼ਹਿਰ ... ਜੀਵਤ ਘਰ ... ਜਿਉਂਦੇ ਸੁਪਨੇ ... ਚਿੱਟੇ ਵਿਅਸਤ ਦਿਨ ... ਸੁਰੀਲੀਆਂ ਅਤੇ ਮਦਹੋਸ਼ ਰਾਤਾਂ ... ਮੁਸਕਰਾਉਂਦੀਆਂ ਸੂਹੀਆਂ ਸਵੇਰਾਂ ... ਤੇ ਉਹਨਾਂ ਦਾ ਅਨੰਦ ਮਾਨਣ ਵਾਲੇ ਜੀਵਤ ਪ੍ਰਾਣੀ ... ਸਭ ਖਤਮ ਹੋ ਗਏ ! ਜਿਹੜੇ ਦਿਲ-ਕੰਬਾਊ ਖੰਡਰ ਬਚੇ ਸੀ, ਉਹਨਾਂ ਨੂੰ ਦੇਖ ਕੇ ਰੋਣ ਵਾਲਾ ਕੋਈ ਨਹੀਂ ਸੀ ਬਚਿਆ . ਕਾਲੀਆਂ ਅਤੇ ਡਰਾਉਣੀਆਂ ਰਾਤਾਂ ਦੀਆਂ ਚੀਖਾਂ ਸੁਣਨ ਵਾਲਾ ਕੋਈ ਨਹੀਂ ਸੀ। ਧੂਏਂ ਨਾਲ ਸਫੈਦ ਦਿਨਾਂ ਦੀ ਖ਼ਮੋਸ਼ੀ ਮਾਪਣ ਵਾਲਾ ਕੋਈ ਨਹੀਂ ਸੀ ....

ਚਾਰੇ ਪਾਸੇ ਡਰਾਉਣਾ ਸੰਨਾਟਾ ਸੀ - ਮੌਤ ਵਰਗੀ ਤਨਹਾਈ ਸੀ ! ਹਵਾ ਦੀ ਸਾਂ-ਸਾਂ ਵੀ ਰੁਕੀ ਹੋਈ ਸੀ। ਸੈਂਚੀ ਗ੍ਰਹਿ ਕਿਸੇ ਨਿਰਜਨ ਅਤੇ ਬੰਜਰ ਗ੍ਰਹਿ ਵਾਂਗ ਤਨਹਾ ਗ਼ਰਦਿਸ਼ ਕਰ ਰਿਹਾ ਸੀ !...

***

ਉਸਨੇ ਕਰਾਹ ਕੇ ਆਪਣੀਆਂ ਦੋਵੇਂ ਅੱਖਾਂ ਖੋਲ੍ਹੀਆਂ ਤਾਂ ਉਹਨਾਂ ਵਿੱਚ ਬਹੁਤ ਤਿੱਖੀ ਜਲਣ ਪੈਦਾ ਹੋਈ। ਉਸਦਾ ਜੀ ਕੀਤਾ ਕਿ ਉਹ ਆਪਣੀਆਂ ਅੱਖਾਂ ਨੂੰ ਹੱਥਾਂ ਨਾਲ ਮਲੇ ਪਰ ਉਸਤੋਂ ਆਪਣੇ ਹੱਥ ਹਿਲਾਏ ਨਹੀਂ ਸੀ ਜਾ ਰਹੇ ! ਜਿਵੇਂ ਉਸਦੇ ਹੱਥ ਪੱਥਰ ਦੇ ਹੋ ਗਏ ਹੋਣ। ਪਰ ਥੋੜੇ ਚਿਰ ਵਿੱਚ ਹੀ ਉਸਨੂੰ ਇਹ ਅਹਿਸਾਸ ਹੋ ਗਿਆ ਕਿ ਉਸਦੇ ਹੱਥ ਹੀ ਨਹੀਂ ਸਾਰਾ ਸਰੀਰ ਪੱਥਰ ਦਾ ਬਣ ਚੁੱਕਾ ਸੀ। ਉਸਨੇ ਆਪਣਾ ਵਜੂਦ ਹਿਲਾਉਣ ਦੀ ਅਸਫਲ ਕੋਸ਼ਿਸ਼ ਕੀਤੀ। ਪਰ ਉਸਦਾ ਸਰੀਰ ਜਿਵੇਂ ਧਰਤੀ ਨਾਲ ਚਿਪਕਿਆ ਹੋਇਆ ਸੀ। ਜਿਵੇਂ ਧਰਤੀ ਦੀ ਗੁਰੂਤਾਕਰਸ਼ਨ ਸ਼ਕਤੀ ਸੂਰਜ ਦੀ ਗੁਰੂਤਾਕਰਸ਼ਨ ਸ਼ਕਤੀ ਤੋਂ ਵੀ ਵੱਡੀ ਹੋ ਗਈ ਹੋਵੇ ! ਥੋੜੀ ਦੇਰ ਬਾਅਦ ਉਸਨੇ ਲੰਬੇ ਲੰਬੇ ਸਾਹ ਲਏ। ਪਰ ਹਵਾ ਜਿਵੇਂ ਸੀ ਹੀ ਨਹੀਂ। ਉਸਨੇ ਮਹਿਸੂਸ ਕੀਤਾ ਕਿ ਉਸਦੀ ਆਕਸੀਜਨ ਟਿਊਬ ਵਿੱਚ ਆਕਸੀਜਨ ਦੀ ਮਾਤਰਾ ਘਟ ਗਈ ਸੀ। ਉਸਨੂੰ ਲੱਗਿਆ ਕੀ ਉਸਦਾ ਅੰਤ ਨੇੜੇ ਹੀ ਹੈ।

ਥੋੜ੍ਹਾ ਚਿਰ ਉਹ ਇੰਞ ਹੀ ਪਿਆ ਰਿਹਾ। ਹੌਲੀ ਹੌਲੀ ਉਸਦੇ ਸਰੀਰ ਵਿੱਚ ਫੈਲਿਆ ਤਣਾਅ ਸਮਾਪਤ ਹੋ ਰਿਹਾ ਸੀ। ਉਸਦੇ ਹੱਥ ਥੋੜ੍ਹੀ ਥੋੜ੍ਹੀ ਹਰਕਤ ਕਰਨ ਲੱਗੇ ਤਾਂ ਉਸਨੇ ਆਪਣੇ ਚਿਹਰੇ ਦਾ ਸੁਰੱਖਿਆ-ਕਵਚ ਠੀਕ ਕੀਤਾ ਅਤੇ ਆਪਣੇ ਨੱਕ ਨਾਲ ਲੱਗੀ ਆਕਸੀਜਨ ਦੀ ਟਿਊਬ ਨੂੰ ਸਹੀ ਜਗ੍ਹਾ ਕੀਤਾ, ਜੋ ਆਪਣੀ ਉਚਿੱਤ ਜਗ੍ਹਾ ਤੋਂ ਸਰਕ ਗਈ ਸੀ ਅਤੇ ਉਸਦੇ ਅੰਦਰ ਬਾਹਰਲੀਆਂ ਦੂਸ਼ਿਤ, ਜ਼ਹਰੀਲੀਆਂ ਗੈਸਾਂ ਪ੍ਰਵੇਸ਼ ਕਰ ਗਈਆਂ ਸਨ। ਜਿਸ ਕਰਕੇ ਉਸਦੀ ਚੇਤਨਾ ਲੁਪਤ ਹੋ ਗਈ ਸੀ। ਪਰ ਉਸਦੀ ਚੇਤਨਾ ਲੁਪਤ ਹੋਣ ਦਾ ਇੱਕ ਹੋਰ ਕਾਰਨ ਵੀ ਸੀ - ਆਸਪਾਸ

ਪਸਰਿਆ ਮੌਤ ਵਰਗਾ ਸੰਨਾਟਾ - ਡਰਾਉਣੀਆਂ ਲਾਸ਼ਾਂ - ਤਨਹਾ ਫਿਜ਼ਾ ਦਾ ਰੋਣ ਅਤੇ ਖੰਡਰਾਂ ਦੇ ਅੰਬਾਰ !

ਉਸਨੇ ਹਿੰਮਤ ਕਰਕੇ ਖੜੇ ਹੋਣ ਦੀ ਕੋਸ਼ਿਸ਼ ਕੀਤੀ ਪਰ ਲੜਖੜਾ ਕੇ ਡਿਗ ਪਿਆ। ਉਸਨੂੰ ਜਾਪਿਆ ਕਿ ਉਹ ਮਾਨਸਿਕ ਅਤੇ ਸਰੀਰਕ ਤੌਰ ਤੇ ਨਕਾਰਾ ਹੋ ਚੁੱਕਿਆ ਹੈ। ਉਸਦੇ ਦਿਲੋ ਦਿਮਾਗ਼ ਤੇ ਇੱਕ ਅਜੀਬ ਕਿਸਮ ਦਾ ਬੋਝ ਸੀ। ਉਸਦੇ ਮਸਤਿਕ ਵਿੱਚ ਕੋਈ ਵੀ ਵਿਚਾਰ ਨਹੀਂ ਸੀ ਆ ਰਿਹਾ। ਉਸਦਾ ਮਸਤਿਕ ਇਸ ਵੇਲੇ ਸਿਫ਼ਰ ਅਵਸਥਾ ਵਿੱਚ ਸੀ। ਉਸਨੇ ਕੋਲ ਪਏ ਇੱਕ ਪੱਥਰ ਦਾ ਸਹਾਰਾ ਲਿਆ ਅਤੇ ਖੜਾ ਹੋ ਗਿਆ। ਉਸਨੇ ਆਸਪਾਸ ਨਜ਼ਰ ਫੇਰੀ ... ਚਾਰੇ ਪਾਸੇ ਖੰਡਰ ਹਿ ਖੰਡਰ, ਲਾਸ਼ਾਂ ਤੇ ਧੂਆਂ ਸੀ ... ਬੇਰਹਿਮ ਜਿਹੀ ਖ਼ਮੋਸ਼ੀ ਅਤੇ ਤਨਹਾਈ ਸੀ ...

ਉਸਤੋਂ ਇਹ ਸਭ ਕੁੱਝ ਦੇਖਿਆ ਨਾ ਗਿਆ। ਉਸਨੇ ਆਪਣੀਆਂ ਅੱਖਾਂ ਬੰਦ ਕਰ ਲਈਆਂ। ਉਸਦਾ ਰੁੱਗ ਭਰ ਆਇਆ, ਇੱਕ ਦਮ ਉਸਦੀਆਂ ਅੱਖਾਂ ਵਿੱਚੋਂ ਹੰਝੂਆਂ ਦੀ ਧਾਰਾ ਵਹਿਣ ਲੱਗੀ ਅਤੇ ਉਹ ਭੁੱਬਾਂ ਮਾਰ ਕੇ ਰੋਣ ਲੱਗਿਆ। ਉਸਨੂੰ ਦਿਲਾਸਾ ਦੇਣ ਵਾਲਾ ਅਤੇ ਚੁੱਪ ਕਰਾਉਣ ਵਾਲਾ ਕੋਈ ਨਹੀਂ ਸੀ। ਉਹ ਉਦੋਂ ਤੱਕ ਰੋਂਦਾ ਰਿਹਾ ਜਦ ਤੱਕ ਥੱਕ ਨਾ ਗਿਆ ਅਤੇ ਉਸਦੇ ਅੰਦਰ ਰੋਣ ਦੀ ਸ਼ਕਤੀ ਨਾ ਰਹੀ। ਉਸਨੇ ਲਵਾਰਿਸ ਬੱਚਿਆਂ ਵਰਗੀਆਂ ਇੱਕਲੀਆਂ ਅੱਖਾਂ ਨਾਲ ਆਸਪਾਸ ਦਾ ਦਰਦਨਾਕ ਦ੍ਰਿਸ਼ ਦੇਖਿਆ। ਸਭ ਕੁੱਝ ਖਤਮ ਹੋ ਚੁੱਕਿਆ ਸੀ, ਪਰ ਉਸਨੂੰ ਯਕੀਨ ਨਹੀਂ ਆ ਰਿਹਾ ਸੀ। ਇਹ ਨਹੀਂ ਹੋ ਸਕਦਾ, ਉਸਨੇ ਸੋਚਿਆ ! ਪਰ ਕੌੜੀ ਹਕੀਕਤ ਉਸਦੇ ਸਾਹਮਣੇ ਸੀ। ਉਹ ਤੜਪ ਉੱਠਿਆ। ਉਸਦਾ ਦਿਲ ਤੇਜ਼ੀ ਨਾਲ ਧੜਕ ਰਿਹਾ ਸੀ। ਫੇਰ ਜਿਵੇਂ ਉਸਦੇ ਦਿਲ ਦੀ ਧੜਕਣ ਦੀ ਅਵਾਜ਼ ਉੱਚੀ ਹੁੰਦੀ ਗਈ ਅਤੇ ਉਸਦੇ ਮਸਤਿਕ ਵਿੱਚ ਫੈਲ ਗਈ। ਉਸਤੋਂ ਉਹ ਅਵਾਜ਼ ਬਰਦਾਸ਼ਿਤ ਨਾ ਹੋਈ ਅਤੇ ਉਸਨੇ ਘਬਰਾ ਕੇ ਜ਼ੋਰ ਨਾਲ ਚੀਖ ਮਾਰੀ !

ਉਸਦੇ ਆਸਪਾਸ ਖੰਡਰ ਹੀ ਖੰਡਰ ਅਤੇ ਉਹਨਾਂ ਦੇ ਅੰਦਰ ਦੱਬੀਆਂ ਲਾਸ਼ਾਂ ਸਨ। ਅਕਾਸ਼ ਕਾਲਾ ਹੋ ਚੁੱਕਿਆ ਸੀ। ਧੂਏਂ ਦੇ ਸੁਲਗਦੇ ਗੁਬਾਰ ਉੱਪਰ ਨੂੰ ਉੱਠ ਰਹੇ ਸਨ। ਖੰਡਰਾਂ ਦੇ ਵਿੱਚ ਜਲਦੀਆਂ ਚਿੰਗਾਰੀਆਂ ਵੀ ਸੁਲਗ ਰਹੀਆਂ ਸਨ। ਚਾਰੇ ਪਾਸੇ ਤਨਹਾਈ, ਚੁੱਪ ਅਤੇ ਮੌਤ ਦਾ ਰਾਜ ਸੀ ...

ਉਸਨੇ ਯਾਦ ਕਰਨ ਦੀ ਕੋਸ਼ਿਸ਼ ਕੀਤੀ ਕੀ ਉਹ ਕਿਵੇਂ ਇੱਥੇ ਪਹੁੰਚਿਆ ਸੀ ਅਤੇ ਬੇਹੋਸ਼ ਹੋ ਗਿਆ ਸੀ। ਉਸਨੂੰ ਕੁੱਝ ਵੀ ਯਾਦ ਨਹੀਂ ਆ ਰਿਹਾ ਸੀ - ਆਪਣਾ ਨਾਮ ਵੀ ਨਹੀਂ ! ਪਰ ਫੇਰ ਜਿਵੇਂ ਇੱਕ ਦਮ ਝਟਕੇ ਨਾਲ ਉਸਨੂੰ ਸਭ ਕੁੱਝ ਯਾਦ ਆ ਗਿਆ - ਕਿਵੇਂ ਇੱਕ ਭਿਆਨਕ ਅਤੇ ਮਹਾਨਤਮ ਦੁਖਾਂਤ ਵਾਪਰਿਆ ਸੀ। ਉਸਨੂੰ ਭਿਆਨਕ ਜੰਗ ਦੀਆਂ ਸਭ ਘਟਨਾਵਾਂ ਇੱਕ ਇੱਕ ਕਰਕੇ ਯਾਦ ਆਉਣ ਲੱਗੀਆਂ। ਅਤੇ ਫੇਰ ਉਸਨੂੰ ਆਪਣਾ ਨਾਮ ਵੀ ਯਾਦ ਆ ਗਿਆ। ਮਰਨੀਤ - ਉਸਦਾ ਨਾਮ ਮਰਨੀਤ ਸੀ!

***

ਮਰਨੀਤ!

ਮਰਨੀਤ ਸੀ ਉਸਦਾ ਨਾਮ ...

ਉਹ ਇੱਕ ਅੰਤਰਿਖਸ਼ ਵਿਗਿਆਨੀ ਸੀ ਅਤੇ ਸੈਂਚੀ ਗ੍ਰਹਿ ਦੇ ਆਸਪਾਸ ਸਥਿੱਤ ਅਨੇਕਾਂ ਵੇਦਸ਼ਾਲਾਵਾਂ ਅਤੇ ਪ੍ਰਯੋਗਸ਼ਾਲਾਵਾਂ ਦਾ ਇੰਚਾਰਜ ਸੀ। ਉਹ ਸਾਲ ਦੇ ਗਿਆਰਾਂ ਮਹੀਨੇ ਅੰਤਰਿਖਸ਼ ਵਿੱਚ ਘੁੰਮ ਰਹੀਆਂ ਪ੍ਰਯੋਗਸ਼ਾਲਾਵਾਂ ਅੰਦਰ ਹੀ ਗੁਜ਼ਾਰਦਾ ਸੀ। ਸਿਰਫ਼ ਇੱਕ ਮਹੀਨਾ ਹੀ ਉਹ ਜ਼ਮੀਨ ਤੇ ਆਉਂਦਾ ਸੀ - ਜਦੋਂ ਉਸਦੀਆਂ ਛੁੱਟੀਆਂ ਹੁੰਦੀਆਂ ਸਨ। ਉਹ ਸੈਂਚੀ ਗ੍ਰਹਿ ਦੇ ਕਰੋੜਾਂ ਲੋਕਾਂ ਵਿੱਚੋਂ ਬਚਣ ਵਾਲਾ ਇਕਲੌਤਾ ਖੁਸ਼ਕਿਸਮਤ ਮਨੁੱਖ ਸੀ ਅਤੇ ਜਾਂ ਬਦਕਿਸਮਤ ਸੀ!

ਜਦੋਂ ਸੈਂਚੀ ਗ੍ਰਹਿ ਤੇ ਜੰਗ ਚੱਲ ਰਹੀ ਸੀ ਤਾਂ ਉਹ ਅੰਤਰਿਖਸ਼ ਦੇ ਵਿੱਚ ਸੀ - ਸੈਂਚੀ ਗ੍ਰਹਿ ਤੇ ਹੋ ਰਹੀ ਜੰਗ ਤੋਂ ਬਹੁਤ ਦੂਰ। ਅੰਤਰਿਖਸ਼ ਪ੍ਰਯੋਗਸ਼ਾਲਾਵਾਂ ਵਿੱਚ ਕੰਮ ਕਰ ਰਹੇ ਸਾਰੇ ਮਨੁੱਖਾਂ ਨੂੰ ਦੋਵੇਂ ਦੇਸਾਂ ਨੇ ਸੈਂਚੀ ਗ੍ਰਹਿ ਤੇ ਵਾਪਿਸ ਬੁਲਾ ਲਿਆ ਸੀ - ਸਿਰਫ਼ ਉਹ ਹੀ ਇਕੱਲਾ ਬਚਿਆ ਸੀ। ਕਰੀਨਾ ਦੇਸ ਦੀ ਸਰਕਾਰ ਨੇ ਉਸਨੂੰ ਅੰਤਰਿਖਸ਼ ਵਿੱਚ ਰਹਿਣ ਦੀ ਇਜਾਜ਼ਤ ਦੇ ਦਿੱਤੀ ਸੀ। ਸੈਜਲ ਦੇਸ ਨੇ ਤਾਂ ਆਪਣੀਆਂ ਸਾਰੀਆਂ ਪ੍ਰਯੋਗਸ਼ਾਲਾਵਾਂ ਕੰਪਿਊਟਰ ਦੇ ਹਵਾਲੇ ਕਰ ਦਿੱਤੀਆਂ ਸਨ।

ਉਹ ਸੈਂਚੀ ਗ੍ਰਹਿ ਤੋਂ ਕਾਫੀ ਦੂਰ ਸੀ। ਅੰਤਰਿਖਸ਼ ਵਿੱਚ ਇੱਕਲਿਆਂ ਉਸਤੋਂ ਕੋਈ ਕੰਮ ਨਹੀਂ ਹੋ ਰਿਹਾ ਸੀ। ਸੈਂਚੀ ਗ੍ਰਹਿ ਤੇ ਹੋ ਰਹੀ ਤਬਾਹੀ ਵਾਰੇ ਸੋਚ ਕੇ ਉਸਦੇ ਮਨ ਨੂੰ ਚੈਨ ਨਹੀਂ ਆ ਰਿਹਾ ਸੀ। ਅਤੇ ਉਸਦਾ ਮਨ ਵਾਰ ਵਾਰ ਸੈਂਚੀ ਗ੍ਰਹਿ ਦਾ ਹਾਲ ਜਾਣਨ ਲਈ ਵਿਚਲਿਤ ਹੋ ਰਿਹਾ ਸੀ। ਸੈਂਚੀ ਗ੍ਰਹਿ ਤੇ ਉਸਦੇ ਨਾਲ ਸੰਮਪਰਕ ਕਰਨ ਦਾ ਕਿਸੇ ਕੋਲ ਸਮਾਂ ਨਹੀਂ ਸੀ। ਸਾਰੇ ਗ੍ਰਹਿਵਾਸੀ ਜੰਗ ਦੇ ਸੈਲਾਬ ਵਿੱਚ ਡੁੱਬ ਚੁੱਕੇ ਸਨ! ਉਸਨੇ ਫੈਸਲਾ ਕੀਤਾ ਕਿ ਉਸਨੂੰ ਸੈਂਚੀ ਗ੍ਰਹਿ ਤੇ ਜਾਣਾ ਚਾਹੀਦਾ ਹੈ ਅਤੇ ਉਹ ਆਪਣੇ ਸਪੇਸਸ਼ਿੱਪ ਵਿੱਚ ਸਵਾਰ ਹੋ ਕੇ ਸੈਂਚੀ ਗ੍ਰਹਿ ਤੇ ਆ ਗਿਆ। ਉਦੋਂ ਤੱਕ ਉੱਥੇ ਸਭ ਕੁੱਝ ਤਬਾਹ ਹੋ ਚੁੱਕਿਆ ਸੀ। ਸੈਂਚੀ ਗ੍ਰਹਿ ਤੇ ਕੋਈ ਵੀ ਮਨੁੱਖ ਅਤੇ ਜੀਵਿਤ ਪ੍ਰਾਣੀ ਜਿੰਦਾ ਨਹੀਂ ਸੀ ਬਚਿਆ। ਜਦੋਂ ਉਸਨੇ ਭਿਆਨਕ ਤਬਾਹੀ ਅਤੇ ਲਾਸ਼ਾਂ ਦੇ ਅੰਬਾਰ ਦੇਖੇ ਤਾਂ ਉਸਤੋਂ ਉਹ ਦਰਦਨਾਕ ਦ੍ਰਿਸ਼ ਦੇਖ ਕੇ ਖੜਾ ਨਾ ਹੋਇਆ ਗਿਆ - ਅਤੇ ਉਹ ਉੱਥੇ ਹੀ ਬੇਹੋਸ਼ ਹੋ ਕੇ ਡਿਗ ਪਿਆ!

****

ਪੁਰਾਣੀਆਂ ਯਾਦਾਂ ਜਦੋਂ ਤੂਫ਼ਾਨ ਦਾ ਰੂਪ ਧਾਰ ਕੇ ਦਿਲ ਦੇ ਸੁੰਨੇ ਮਾਰੂਥਲ ਵਿਚ ਆਉਂਦੀਆਂ ਨੇ ਤਾਂ ਦਰਦ ਦੀ ਰੇਤ ਅਖਾਂ ਵਿਚ ਉੜ ਉੜ ਕੇ ਪੈਂਦੀ ਹੈ! ਯਾਦਾਂ ਦੀ ਹਵਾ ਦਾ ਤੇਜ਼ ਵਹਾਅ ਆਪਣੇ ਨਾਲ ਉੜਾ ਲੈ ਕੇ ਜਾਣ ਦਾ ਜ਼ੋਰ ਲਗਾਉਂਦਾ ਹੈ! ਓਸ ਵੇਲੇ ਦੇ ਦਰਦ ਨੂੰ ਸਿਰਫ ਓਹੀ ਸਮਝ ਸਕਦਾ ਹੈ ਜਿਸਨੇ ਦਰਦ ਮਹਿਸੂਸ ਕੀਤਾ ਹੋਵੇ! ਅਤੇ ਅਜ ਸੈਂਚੀ ਗ੍ਰਹਿ ਤੇ ਮਰਨੀਤ ਦੋਵੇਂ ਇਕਠੇ ਇਹ ਦਰਦ ਹੰਢਾ ਰਹੇ ਸਨ! ਅਤੇ ਦੋਵੇਂ ਹੀ ਬੇਵਸ ਅਤੇ ਮਜਬੂਰ ਸਨ! ਉਹ ਆਪਸ ਵਿਚ ਆਪਣਾ ਦੁਖ ਵੀ ਨਹੀਂ ਵੰਡ ਸਕਦੇ ਸੀ! ਇਕ ਅਜੀਬ ਕਿਸਮ ਦਾ ਖਲਾਅ ਪੈਦਾ ਹੋ ਰਿਹਾ ਸੀ ਜਿਸਨੂੰ ਭਰਿਆ ਨਹੀਂ ਜਾ ਸਕਦਾ ਸੀ! ਅਤੇ ਯਾਦਾਂ ਦਾ ਤੂਫਾਨ ਰਹਿ ਰਹਿ ਕੇ ਆ ਰਿਹਾ ਸੀ!

ਯਾਦਾਂ! ਜਿਹੜੀਆਂ ਸੁਪਨੇ ਬਣ ਚੁਕੀਆਂ ਸਨ – ਰਹਸਮਈ ਸੁਪਨੇ- ਜਿਹੜੇ ਸਕਾਰ ਨਹੀ ਹੁੰਦੇ! ਜਿਹਨਾਂ ਦੇ ਅਗੇ ਖੜਾ ਸੀ –ਭਵਿਖ, ਜਿਹੜਾ ਹਨੇਰੇ ਵਿਚ ਡੁਬਿਆ ਹੋਇਆ ਸੀ! ਜਿਹੜਾ ਸੈਂਚੀ ਗ੍ਰਹਿ ਦੇ ਖੰਡਰਾਂ ਵਿਚ ਦਬਿਆ ਪਿਆ ਸੀ! ਅਤੇ ਖੰਡਰਾਂ ਵਿਚ ਭਵਿਖ ਨਹੀਂ ਅਤੀਤ ਹੁੰਦਾ ਹੈ!

ਕੋਈ ਜ਼ਮਾਨਾ ਸੀ ... ਸੈਂਚੀ ਗ੍ਰਹਿ ਤੇ ਗਗਨਚੁੰਬੀ ਇਮਾਰਤਾਂ ਬੁਲੰਦ ਖੜੀਆਂ ਸਨ! ਅਕਾਸ਼ ਵਿਚ ਉਡਨਕਾਰਾਂ ਅਤੇ ਹਵਾਈ ਜਹਾਜ਼ ਕਲਾਬਾਜ਼ੀਆਂ ਲਗਾਉਂਦੇ ਫਿਰਦੇ ਸਨ! ਹੋਟਲਾਂ ਵਿਚ ਜਵਾਨੀਆਂ ਮਦਹੋਸ਼ੀ ਦੇ ਗੀਤ ਗਾਉਂਦੀਆਂ ਸਨ.... ਸ਼ਹਿਰਾਂ ਦੇ ਸ਼ਹਿਰ ਤਰਕੀ ਅਤੇ ਵਿਗਿਆਨ ਦੀ ਰੌਸ਼ਨੀ ਵਿਚ ਨਹਾ ਰਹੇ ਸਨ! ਹਰ ਗ੍ਰਹਿਵਾਸੀ ਦੇ ਚਿਹਰੇ ਤੇ ਇਕ ਸਦੀਵੀ ਮੁਸਕਾਨ ਸੀ! ਪਰ ਹੁਣ ਤਾਂ ਇਹ ਸਭ ਕੁਝ ਅਤੀਤ ਬਣ ਕੇ ਖੰਡਰਾਂ ਵਿਚ ਦਬਿਆ ਪਿਆ ਸੀ! ਜਿਹਨਾਂ ਵਿਚੋਂ ਡਰਾਵਣਾ ਭਵਿਖ ਝਲਕ ਰਿਹਾ ਸੀ!

ਅਤੀਤ ਵਿਚ ਹੀ ਦਬੇ ਹੋਏ ਸਨ – ਜੰਗ ਦੇ ਭਿਆਨਕ ਦਿਨ ਜਦੋਂ ਇਨਸਾਨ ਆਪਣੇ ਵਹਿਸ਼ੀਪੁਣੇ ਦੀ ਚਰਮਸੀਮਾ ਤੇ ਪਹੁੰਚ ਗਿਆ ਸੀ! ਇਨਸਾਨ ਦੇ ਬਣਾਏ ਹੋਏ ਤਬਾਹਕੁੰਨ ਹਥਿਆਰ ਉਸਨੂੰ ਹੀ ਮਿਟਾ ਰਹੇ ਸਨ! ਇਕ ਖ਼ੂਬਸੂਰਤ ਸਭਿਅਤਾ ਦਾ ਅੰਤ ਹੋ ਰਿਹਾ ਸੀ! ਸਭ ਕੁਝ ਰਾਖ ਬਣ ਰਿਹਾ ਸੀ! ਕਦੇ ਜਿਸ ਸੈਂਚੀ ਗ੍ਰਹਿ ਤੇ ਜ਼ਿੰਦਗੀ ਹਸਦੀ ਸੀ ਅਜ ਉਹ ਨਿਰਜਨ ਅਵਸਥਾ ਵਿਚ ਆਪਣੇ ਸੌਰਮੰਡਲ ਵਿੱਚ ਘੁੰਮ ਰਿਹਾ ਸੀ! ਕਦੇ ਜਿਸਨੂੰ ਮਾਣ ਸੀ - ਆਪਣੇ ਸੌਰਮੰਡਲ ਵਿਚ ਜੀਵਨ ਨਾਲ ਭਰਪੂਰ ਇਕਲੌਤਾ ਗ੍ਰਹਿ ਹੋਣ ਦਾ! ਅਤੇ ਉਹ ਬੜੇ ਗ਼ਰੂਰ ਨਾਲ, ਮਟਕ ਨਾਲ ਆਪਣੇ ਸੂਰਜ ਦੁਆਲੇ ਘੁੰਮਦਾ ਸੀ! ਪਰ ਅੱਜ ਉਹ ਵੀ ਬਾਕੀ ਗ੍ਰਹਿਆਂ ਵਾਂਗ ਜੀਵਨ ਤੋਂ ਸਖਣਾ ਹੋ ਗਿਆ ਸੀ!

ਉਹ ਪੁਰਾਣੇ ਦਿਨ... ਜ਼ਿੰਦਗੀ ਦੇ ਮੇਲੇ! ਰੌਸ਼ਨੀਆਂ ਦੇ ਉਤਸਵ... ਮਦਭਰੀਆਂ ਮਦਹੋਸ਼ ਰਾਤਾਂ ... ਪੰਛੀਆਂ ਦਾ ਸੁਰੀਲਾ ਸੰਗੀਤ....

ਸਭ ਕੁਝ ਇਕ ਹਨੇਰੀ ਖਾਈ ਵਿਚ ਡਿਗ ਪਿਆ ਸੀ ਅਤੇ ਅਜ ਸੈਂਚੀ ਗ੍ਰਹਿ ਵੀਰਾਨ ਸੀ! ਜ਼ਿੰਦਗੀ ਤੋਂ ਸਖਣਾ ਸੀ!

'ਨਹੀਂ, ਉਹ ਸੈਂਚੀ ਗ੍ਰਹਿ ਨੂੰ ਜ਼ਿੰਦਗੀ ਤੋਂ ਸਖਣਾ ਨਹੀਂ ਰਹਿਣ ਦੇਵੇਗਾ!' ਮਰਨੀਤ ਦੇ ਅੰਦਰੋਂ ਅਵਾਜ਼ ਆਈ ਅਤੇ ਉਸਨੇ ਕਰਾਹ ਕੇ ਅਖਾਂ ਕੋਲ਼ ਦਿੱਤੀਆਂ....

*****

ਉਹ ਸੋਚਾਂ ਵਿਚ ਗੁੰਮ ਸੀ! ਉਸਦਾ ਮੁਖੜਾ ਇਸ ਵੇਲੇ ਆਪਣੇ ਆਪ ਵਿਚ ਸਾਰੇ ਬ੍ਰਹਿਮੰਡ ਦੀ ਗੰਭੀਰਤਾ ਸਮੋਈ ਬੈਠਾ ਸੀ! ਉਸਦੀਆਂ ਨੀਲੀਆਂ, ਸਮੁੰਦਰ ਜਿਹੀਆਂ ਅਖਾਂ ਵਿਚ ਕਿਸੇ ਅਰੂਪ ਵਾਸਤੇ ਸੰਵੇਦਨਾ ਝਲਕ ਰਹੀ ਸੀ! ਉਸਦੇ ਬਦਨ ਤੇ ਹਲਕਾ ਗੁਲਾਬੀ ਲਿਬਾਸ ਸੀ, ਜਿਸ ਨਾਲ ਉਸਦਾ ਗੋਰਾ ਮੁਖੜਾ ਹੋਰ ਵੀ ਸੁੰਦਰ ਲਗ ਰਿਹਾ ਸੀ!

ਉਹ ਸੋਚਾਂ ਦੀਆਂ ਘੁੰਮਣਘੇਰੀਆਂ ਵਿਚ ਘਿਰੀ ਹੋਈ ਸੀ! ਪੰਜ ਵਰ੍ਹੇ ਹੋ ਗਏ ਸਨ ਉਸਨੂੰ ਅੰਤਰਿਖਸ ਵਿਚ ਘੁੰਮਦਿਆਂ – ਦੀਵਾਨਿਆਂ ਵਾਂਗ! ਪਰ ਮਨ ਦੀ ਸ਼ਾਂਤੀ ਉਸਨੂੰ ਅਜੇ ਤਕ ਪ੍ਰਾਪਤ ਨਹੀਂ ਸੀ ਹੋਈ! ਇਹਨਾਂ ਪੰਜਾਂ ਵਰ੍ਹਿਆਂ ਵਿਚ ਉਸਨੇ ਆਪਣੇ ਨੇੜੇ ਦੇ ਬ੍ਰਹਮੰਡ ਦੇ ਅਨੇਕਾਂ ਕੋਨੇ ਵੇਖੇ ਸਨ – ਪਰ ਕਿਧਰੇ ਵੀ ਉਸਨੂੰ ਆਪਣੀ ਮੰਜ਼ਿਲ ਨਹੀਂ ਮਿਲੀ ਸੀ! ਉਸਦੀ ਭਟਕਣ ਦੀ ਪਿਆਸ ਸ਼ਾਂਤ ਕਰਨ ਵਾਲੀ ਜ਼ੂਏਸ਼ੀਰ ਉਸਨੂੰ ਕਿਧਰੇ ਵੀ ਨਹੀਂ ਸੀ ਦਿਖੀ! ਹਾਲਾਂਕਿ ਉਸਨੂੰ ਆਪਣੇ ਆਸਪਾਸ ਦੇ ਬ੍ਰਹਿਮੰਡ ਦੀ ਕਾਫੀ ਜਾਣਕਾਰੀ ਹੋ ਗਈ ਸੀ! ਉਸਨੇ ਕਈ ਜਗ੍ਹਾ ਜੀਵਨ ਦੇ ਅਨੇਕਾਂ ਰੂਪ ਵੇਖੇ ਸਨ! ਰੰਗ-ਬਿਰੰਗੀ ਖ਼ੂਬਸੂਰਤ ਕਾਇਨਾਤ ਦਾ ਪਸਾਰਾ ਵੇਖ ਕੇ ਉਹ ਹੈਰਾਨ ਵੀ ਸੀ ਅਤੇ ਖੁਸ਼ ਵੀ ਸੀ! ਪਰ ਇਨ੍ਹਾਂ ਪੰਜਾਂ ਵਰ੍ਹਿਆਂ ਵਿਚ ਉਸਨੂੰ ਮਨ ਦਾ ਉਹ ਸਕੂਨ ਹਾਸਿਲ ਨਾ ਹੋਇਆ ਜਿਸ ਦੀ ਤਲਾਸ਼ ਵਿਚ ਉਹ ਆਪਣੇ ਸਕੀਨਾ ਗ੍ਰਹਿ ਤੋਂ ਨਿਕਲੀ ਸੀ! ਉਸਨੂੰ ਉਹ ਸੁਪਨੇ ਪੂਰੇ ਹੁੰਦੇ ਨਾ ਦਿਖਾਈ ਦਿਤੇ ਜਿਨ੍ਹਾਂ ਦੀ ਤਲਾਸ਼ ਵਿਚ ਉਸਨੇ ਆਪਣੀ ਯਾਤਰਾ ਸ਼ੁਰੂ ਕੀਤੀ ਸੀ! ਉਸਨੂੰ ਮਹਿਸੂਸ ਹੋ ਗਿਆ ਸੀ ਕਿ ਉਹ ਸੁਪਨੇ, ਉਹ ਸਕੂਨ ਸ਼ਾਇਦ ਕਿਸੇ ਕਾਲੇ ਖੂਹ ਦੇ ਗਰਭ ਵਿਚ ਛੁਪੇ ਹੋਏ ਸਨ - ਜਿਹੜੇ ਉਸਦੀ ਪਹੁੰਚ ਤੋਂ ਬਾਹਰ ਸਨ!

ਅਜ ਤੋਂ ਪੰਜ ਵਰ੍ਹੇ ਪਹਿਲਾਂ ਉਸਨੇ ਆਪਣੇ ਮਾਤ-ਗ੍ਰਹਿ ਤੋਂ ਵਿਦਾ ਲਈ ਸੀ! ਉਦੋਂ ਉਹ ਵੀਹ ਵਰ੍ਹਿਆਂ ਦੀ ਸੀ! ਆਪਣੀ ਛੋਟੀ ਜਿਹੀ ਉਮਰ ਵਿਚ ਉਸਨੇ ਜ਼ਿੰਦਗੀ ਨੂੰ ਬਹੁਤ ਨੇੜਿਓਂ ਵੇਖਿਆ ਸੀ! ਪਿਆਰ, ਖ਼ੁਸ਼ੀ, ਗ਼ਮ ਅਤੇ ਭਾਵਨਾਵਾਂ ਦੇ ਪਾਗਲ ਵਹਿਣਾਂ ਵਿਚ ਉਹ ਅਨੇਕਾਂ ਵਾਰ ਵਹੀ ਸੀ!

ਪਿਆਰ ਦੀ ਕੰਪਕਪਾਹਟ, ਖੁਸ਼ੀ ਦਾ ਨਿੱਘ, ਗ਼ਮ ਦਾ ਧੂੰਆਂ ਇਹ ਸਭ ਉਸਦੇ ਸੰਵੇਦਨਸ਼ੀਲ ਮਨ ਨੇ ਬਹੁਤ ਸ਼ਿੱਦਤ ਅਤੇ ਗਹਿਰਾਈ ਨਾਲ ਮਹਿਸੂਸ ਕੀਤਾ ਸੀ! ਹਾਲਾਂਕਿ ਇੱਕ ਗ੍ਰਹਿ ਸਮਰਾਟ ਦੀ ਧੀ ਹੋਣ ਦੇ ਨਾਤੇ ਉਸਨੂੰ ਕਿਸੇ ਵੀ ਚੀਜ਼ ਦੀ ਕਮੀ ਨਹੀਂ ਸੀ। ਹਰ ਤਰ੍ਹਾਂ ਦੇ ਸੁੱਖ, ਹਰ ਵਕਤ ਉਪਲਭਧ ਸਨ। ਉਸਦੇ ਮੂਹੋ ਨਿੱਕਲੀ ਹਰੇਕ ਮੰਗ ਪਲਾਂ ਵਿੱਚ ਹੀ ਪੂਰੀ ਕੀਤੀ ਜਾਂਦੀ ਸੀ। ਉਸਦੇ ਪਿਤਾ ਨੇ ਐਸ਼-ਅਰਾਮ ਦੀ ਹਰੇਕ ਚੀਜ਼ ਉਸ ਨੂੰ ਲੈ ਕੇ ਦਿੱਤੀ ਸੀ। ਪਰ ਇੱਕ ਚੀਜ਼ ਉਹ ਨਹੀਂ ਸੀ ਦੇ ਸਕਿਆ ਸੀ ਮਾਂ ਦਾ ਪਿਆਰ। ਉਸਦੀ ਮਾਂ ਬਚਪਨ ਵਿੱਚ ਹੀ ਉਨ੍ਹਾਂ ਤੋਂ ਜੁਦਾ ਹੋ ਗਈ ਸੀ। ਇਸ ਲਈ ਅੱਜ ਵੀ ਉਹ ਆਪਣੇ ਅੰਦਰ ਇੱਕ ਖਲਾਅ ਮਹਿਸੂਸ ਕਰਦੀ ਸੀ। ਹਾਲਾਂਕਿ ਉਸਦੇ ਪਿਤਾ ਨੇ ਉਸਨੂੰ ਅੰਤਾ ਦਾ ਪਿਆਰ ਦਿੱਤਾ ਸੀ। ਪਰ ਫੇਰ ਵੀ ਉਹ ਪਿਆਰ ਸੀਮਤ ਸੀ। ਉਸਦੇ ਪਿਤਾ ਨੂੰ ਸਮਰਾਟ ਹੋਣ ਦੇ ਨਾਤੇ ਬਹੁਤ ਰੁਝੇਵੇਂ ਸਨ। ਉਸਨੇ ਹੋਸ਼ ਸੰਭਾਲਿਆ ਤਾਂ ਉਹ ਇੱਕ ਬੁੱਧੀਮਾਨ ਅਤੇ ਸੰਵੇਦਨਸ਼ੀਲ ਇਨਸਾਨ ਬਣਕੇ ਉੱਭਰੀ। ਉਸਨੇ ਜ਼ਿੰਦਗੀ ਦੇ ਅਰਥ ਸਮਝਣ ਦੀ ਕੋਸ਼ਿਸ਼ ਕੀਤੀ। ਆਪਣੀ ਪੜ੍ਹਾਈ ਦੇ ਨਾਲ-ਨਾਲ ਉਸਨੇ ਆਪਣੇ ਪੂਰੇ ਗ੍ਰਹਿ ਨੂੰ ਵੇਖਿਆ ਅਤੇ ਪਹਿਚਾਣਿਆ। ਹਰੇਕ ਪਾਸੇ ਵਿਗਿਆਨ ਅਤੇ ਤਰੱਕੀ ਦਾ ਚਾਨਣ ਪਸਰਿਆ ਹੋਇਆ ਸੀ। ਲੋਕਾਂ ਨੂੰ ਹਰ ਭੌਤਿਕ ਸਹੂਲਤ ਉਪਲਬਧ ਸੀ। ਹਰੇਕ ਗ੍ਰਹਿ ਵਾਸੀ ਆਪਣੀ ਜ਼ਿੰਦਗੀ ਮਜ਼ੇ ਨਾਲ ਜੀਅ ਰਿਹਾ ਸੀ ਅਤੇ ਆਪਣੇ ਆਪ ਵਿੱਚ ਮਸਤ ਸੀ। ਕਿਤੇ ਵੀ ਕਿਸੇ ਨੂੰ ਕਿਸੇ ਕਿਸਮ ਦਾ ਦੁੱਖ ਅਤੇ ਚਿੰਤਾ ਨਜ਼ਰ ਨਾ ਆਈ। ਉਸਨੂੰ ਆਪਣੀ ਮੰਜ਼ਿਲ ਅਤੇ ਸੁਪਨਿਆਂ ਦੀ ਪੂਰਤੀ ਆਪਣੇ ਗ੍ਰਹਿ ਤੇ ਨਜ਼ਰ ਨਾ ਆਈ। ਉਸ ਵਾਸਤੇ ਜ਼ਿੰਦਗੀ ਦੇ ਹੋਰ ਹੀ ਅਰਥ ਸਨ। ਉਸਦੀ ਮੰਜ਼ਿਲ ਕੁੱਝ ਹੋਰ ਸੀ। ਉਸਦੇ ਅੰਦਰ ਇੱਕ ਅਜੀਬ ਕਿਸਮ ਦੀ ਪਿਆਸ ਅਤੇ ਭਟਕਣ ਅੰਗੜਾਈਆਂ ਲੈ ਰਹੀ ਸੀ ਅਤੇ ਉਸਨੂੰ ਕੋਈ ਆਦਰਸ਼ ਅਤੇ ਖੂਬਸੂਰਤ ਮੰਜ਼ਿਲ ਆਪਣੇ ਗ੍ਰਹਿ ਵਿੱਚ ਦਿਖਾਈ ਨਹੀਂ ਸੀ ਦੇ ਰਹੀ ਅਤੇ ਉਸਦੇ ਮਨ ਦੀ ਅਵਸਥਾ ਅਜੀਬ ਜਿਹੀ ਹੋ ਰਹੀ ਸੀ। ਉਸਨੂੰ ਜ਼ਿੰਦਗੀ, ਸੱਚ ਅਤੇ ਸੁਪਨਿਆਂ ਦੀ ਸਹੀ ਪ੍ਰੀਭਾਸ਼ਾ ਨਹੀਂ ਮਿਲ ਰਹੀ ਸੀ। ਪਲਾਂ ਵਿੱਚ ਉਸਦਾ ਮਨ ਉਦਾਸ ਹੋ ਜਾਂਦਾ ਅਤੇ ਪਲਾਂ ਵਿੱਚ ਹੀ ਖੁਸ਼। ਇਸਦਾ ਕਾਰਨ ਉਹ ਨਹੀਂ ਸੀ ਸਮਝ ਸਕੀ!

ਉਸਨੂੰ ਉਦਾਸ ਵੇਖ ਕੇ ਉਸਦੇ ਪਿਤਾ ਨੇ ਉਸਦਾ ਵਿਆਹ ਕਰ ਦੇਣਾ ਚਾਹਿਆ। ਪਰ ਉਸਨੇ ਸਾਫ਼ ਇਨਕਾਰ ਕਰ ਦਿੱਤਾ। ਅਜੇ ਉਹ ਕਿਸੇ ਬੰਧਨ ਵਿੱਚ ਨਹੀਂ ਬੱਝਣਾ ਚਾਹੁੰਦੀ ਸੀ। ਉਸਦੇ ਮਨ ਵਿੱਚ ਵਿਆਹ ਪ੍ਰਤੀ ਕੋਈ ਤਮੰਨਾ ਨਹੀਂ ਸੀ। ਉਹ ਤਾਂ ਕੁੱਝ ਹੋਰ ਕਰਨਾ ਚਾਹੁੰਦੀ ਸੀ। ਅਤੇ ਜਿਸਦੀ ਤਸਵੀਰ ਉਸਦੇ ਆਪਣੇ ਮਨ ਵਿੱਚ ਵੀ ਅਜੇ ਧੁੰਧਲੀ ਜਿਹੀ ਸੀ। ਉਸਦਾ ਚੈਨ ਕਿੱਧਰੇ ਗੁੰਮ ਹੋ ਗਿਆ ਸੀ। ਉਸਨੂੰ ਹਮੇਸ਼ਾਂ ਖਿਆਲਾਂ ਦੀਆਂ ਚਿਤਕਬਰੀਆਂ ਜਿਹੀਆਂ ਬਿੱਲੀਆਂ ਆ ਆ ਕੇ ਤੰਗ ਕਰਦੀਆਂ ਰਹਿੰਦੀਆਂ ਸਨ। ਸੁਪਨਿਆਂ ਦੇ ਗੋਭਲੇ ਜਿਹੇ, ਪਿਆਰੇ ਖ਼ਰਗੋਸ਼ ਉਸਦੀ ਗੋਦ ਤੇ ਆ ਕੇ ਕੁਤਕਤਾਰੀਆਂ ਕੱਢਦੇ ਸਨ। ਪਰ ਜਦ ਉਹ ਚੁਲਬੁਲੇ ਖ਼ਰਗੋਸ਼ਾਂ ਨੂੰ ਫੜ ਕੇ ਆਪਣੇ ਕੋਲ ਰੱਖਣਾ ਚਾਹੁੰਦੀ ਤਾਂ ਉਹ ਦੂਰ ਨੱਸ ਜਾਂਦੇ। ਉਹ ਬਥੇਰਾ ਉਹਨਾਂ ਦੇ ਮਗਰ ਦੌੜਦੀ ਪਰ ਉਹ ਹੱਥ ਨਹੀਂ ਸਨ ਆਉਂਦੇ। ਉਹ ਉਹਨਾਂ ਦਾ ਪਿੱਛਾ ਉਹਨਾਂ ਜੰਗਲਾਂ-ਬੇਲਿਆ ਤੱਕ ਕਰਦੀ, ਜਿੱਥੇ ਇੱਕ ਨੀਲੀ ਜਿਹੀ ਨਦੀ ਬੜੀ ਤੇਜ਼ੀ ਨਾਲ ਵਹਿੰਦੀ ਹੋਈ ਇੱਕ ਨਿਸ਼ਬਦ ਜਿਹਾ ਗੀਤ ਗਾਉਂਦੀ ਰਹਿੰਦੀ ਸੀ। ਜਿੱਥੇ ਕੋਮਲ ਘਾਹ ਅਤੇ ਕੰਡਿਆਲੀਆਂ ਝਾੜੀਆਂ ਸਨ। ਉਹ ਖ਼ਰਗੋਸ਼ ਉਹਨਾਂ ਝਾੜੀਆਂ ਅਤੇ ਘਾਹ ਦੇ ਵਿੱਚ ਲੁਕ ਜਾਂਦੇ। ਉਹ ਢੂੰਡ ਢੂੰਡ ਕੇ ਥੱਕ ਜਾਂਦੀ ਸੀ। ਪਰ ਉਹ ਨਾਂ ਲੱਭਦੇ ਅਤੇ ਨਾ ਹੀ ਉਸਦੇ ਹੱਥ ਆਉਂਦੇ। ਅਤੇ ਉਸਨੂੰ ਬਹੁਤ ਸਤਾਉਂਦੇ ਸਨ। ਫੇਰ ਸੂਰਜ ਦਾ ਚਮਕਦਾ ਗੋਲਾ ਗੁਲਾਬੀ ਹੋਣ ਤੋਂ ਬਾਅਦ ਨਦੀ ਦੇ ਪਾਣੀ ਵਿੱਚ ਛੁਪ ਜਾਂਦਾ ਅਤੇ ਉਹ ਉਹਨਾਂ ਖ਼ਰਗੋਸ਼ਾਂ ਨੂੰ ਤਲਾਸ਼ ਕਰਦਿਆਂ ਤਾਰਿਆਂ ਵੱਲ ਨੂੰ ਮਜ਼ਬੂਰ ਨਜ਼ਰਾ ਨਾਲ ਤੱਕਦੀ, ਇੱਕ ਖ਼ਾਮੋਸ਼ ਉਦਾਸੀ ਵਿੱਚ ਘਿਰ ਜਾਂਦੀ।

ਆਖਿਰ ਇੱਕ ਦਿਨ ਉਸਨੇ ਫੈਸਲਾ ਕਰ ਲਿਆ ਕਿ ਉਹ ਬ੍ਰਹਿਮੰਡ ਦੇ ਵਿੱਚ ਆਪਣੇ ਸੁਪਨੇ ਅਤੇ ਜ਼ਿੰਦਗੀ ਦੀ ਸਚਾਈ ਦੀ ਖੋਜ ਕਰੇਗੀ। ਜਦੋਂ ਉਸਦੇ ਪਿਤਾ ਨੇ ਇਹ ਫ਼ੈਸਲਾ ਸੁਣਿਆਂ ਤਾਂ ਉਹ ਵਿਚਾਰਾ ਬਹੁਤ ਪਰੇਸ਼ਾਨ ਹੋਇਆ। ਉਸਨੇ ਬਹੁਤ ਸਮਝਾਇਆ ਕਿ ਬ੍ਰਹਿਮੰਡ ਦੇ ਵਿੱਚ ਅਨੇਕਾਂ ਖ਼ਤਰੇ ਸਨ ਜਿਹਨਾਂ ਦਾ ਉਹ ਸਾਹਮਣਾ ਨਹੀ ਕਰ ਸਕਦੀ। ਪਰ ਉਹ ਨਾ ਮੰਨੀ ।

ਆਖ਼ਿਰ ਉਸਦੇ ਪਿਤਾ ਨੇ ਉਸਦੇ ਫ਼ੈਲੇ ਨੂੰ ਪ੍ਰਵਾਨਗੀ ਦੇ ਦਿੱਤੀ ਉਸਨੇ ਇੱਕ ਸਾਲ ਸਪੇਸ ਸ਼ਿਪ ਚਲਾਉਣ ਦੀ, ਅੰਤਰਿਖਸ਼ ਵਿੱਚ ਆਉਣ ਵਾਲੇ ਖਤਰਿਆਂ ਨਾਲ ਨਜਿੱਠਣ ਦੀ ਅਤੇ ਹੋਰ ਜ਼ਰੂਰੀ ਸਿੱਖਿਆ ਪ੍ਰਾਪਤ ਕੀਤੀ। ਉਸਤੋਂ ਬਾਅਦ ਉਹ ਚੱਲ ਪਈ - ਜ਼ਿੰਦਗੀ, ਸਚਾਈ ਅਤੇ ਸੁਪਨਿਆਂ ਦੀ ਖੋਜ ਵਿੱਚ। ਉਸਦੇ ਫੋਟੋਨ ਸਪੇਸ ਸ਼ਿੱਪ (photone spaceship) ਦਾ ਸੰਪਰਕ ਸਕੀਨਾ ਗ੍ਰਹਿ ਦੇ ਕੰਟਰੋਲ ਰੂਮ ਨਾਲ ਬਣਿਆ ਹੋਇਆ ਸੀ। ਇਸ ਕਰਕੇ ਉਹ ਹਰ ਵੇਲੇ ਆਪਣੇ ਗ੍ਰਹਿ ਦੇ ਵਿਗਿਆਨਕਾਂ ਅਤੇ ਕੰਟਰੋਲਰੂਮ ਦੇ ਅਮਲੇ ਨਾਲ ਗੱਲਬਾਤ ਅਤੇ ਵਿਚਾਰ ਕਰ ਸਕਦੀ ਸੀ। ਅਤੇ ਕਿਸੇ ਕਿਸਮ ਦੀ ਵੀ ਜਾਣਕਾਰੀ ਹਾਸਲ ਕਰ ਸਕਦੀ ਸੀ। ਇਸ ਵੇਲੇ ਉਹ ਕੁੱਝ ਸੋਚ ਰਹੀ ਸੀ। ਉਸਦਾ ਫੋਟੋਨਸਪੇਸ਼ ਸ਼ਿੱਪ ਨਿਰੰਤਰ ਖਲਾਅ ਅਤੇ ਕਾਲ ਦੀਆ ਦੂਰੀਆਂ ਤਹਿ ਕਰ ਰਿਹਾ ਸੀ। ਉਸਦਾ ਧਿਆਨ ਉਦੋਂ ਭੰਗ ਹੋਇਆ ਜਦੋਂ ਸਪੇਸਸ਼ਿੱਪ ਨੂੰ ਕੰਟਰੋਲ ਕਰਨ ਵਾਲੇ ਕੰਪਿਊਟਰ ਨੇ ਅਵਾਜ਼ ਦਿੱਤੀ-

'ਮਿਸ... ਅਸੀਂ ਇਸ ਵੇਲੇ ਸੈਂਚੀ ਗ੍ਰਹਿ ਦੇ ਕੋਲ ਹਾਂ। ਉਸੇ ਸੈਂਚੀ ਦੇ, ਜਿੱਥੇ ਪਿਛਲੇ ਇੱਕ ਸਾਲ ਤੋਂ ਮਹਾਂਯੁੱਧ ਹੋ ਰਿਹਾ ਸੀ। ਹੁਣ ਸੈਂਚੀ ਬਿਲਕੁਲ

ਤਬਾਹ ਹੋ ਚੁੱਕਾ ਹੈ। ਸ਼ਾਇਦ ਹੀ ਉੱਥੇ ਕੋਈ ਜੀਵਨ ਬਚਿਆ ਹੋਵੇ। ਕੀ ਤੁਸੀਂ ਉੱਥੇ ਉਤਰਨਾ ਚਾਹੋਗੇ?'

ਉਸਨੇ ਇੱਕ ਪਲ ਕੁੱਝ ਸੋਚਿਆ। ਅਤੇ ਫੇਰ ਆਖਿਆ....' ਹਾਂ, ਉੱਥੇ ਆਪਣਾ ਸ਼ਿੱਪ ਉਤਾਰੋ। ਥੋੜ੍ਹੀ ਦੇਰ ਬਾਅਦ ਉਹ ਸੈਂਚੀ ਗ੍ਰਹਿ 'ਤੇ ਸੀ। ਜ਼ਮੀਨ ਤੇ ਉਤਰਨ ਤੋਂ ਪਹਿਲਾਂ ਉਸਨੇ ਆਪਣਾ ਸੁੱਰਖਿਆ-ਕਵਚ ਪਹਿਨ ਲਿਆ ਹੋਇਆ ਸੀ। ਉਸਨੇ ਆਪਣੇ ਆਸ-ਪਾਸ ਨਜ਼ਰ ਦੌੜਾਈ ਤਾਂ ਚਾਰੇ ਪਾਸੇ ਖੰਡਰ ਅਤੇ ਪਸਰੀ ਹੋਈ ਵੀਰਾਨੀਅਤ ਨੂੰ ਦੇਖ ਕੇ ਉਸਦੇ ਦਿਲ ਵਿੱਚ ਦਰਦ ਜਿਹਾ ਉੱਠ ਖੜਾ ਹੋਇਆ। ਉਸਦਾ ਸੰਵੇਦਨਸ਼ੀਲ ਹਿਰਦਾ ਤੜਪ ਉੱਠਿਆ। ਅਜੀਬ ਜਿਹੀ ਤਨਹਾਈ ਦਾ ਆਲਮ ਵੇਖ ਕੇ ਉਸਦੇ ਅੰਦਰ ਖੌਫ਼ ਜਿਹਾ ਪੈਦਾ ਹੋਇਆ। ਸੈਂਚੀ ਗ੍ਰਹਿ ਦੀ ਤਬਾਹੀ ਉਸਤੋਂ ਵੇਖੀ ਨਹੀ ਜਾ ਰਹੀ ਸੀ ਪਰ ਫੇਰ ਵੀ ਉਸਨੇ ਅੱਖਾਂ ਅੱਡੀਆਂ ਹੋਈਆ ਸਨ। ਉਸਨੂੰ ਆਪਣੇ ਜਿਸਮ ਦੀਆਂ ਮਾਸਪੇਸ਼ੀਆਂ ਪਿਘਲਦੀਆਂ ਹੋਈਆਂ ਪ੍ਰਤੀਤ ਹੋਈਆਂ ਅਤੇ ਆਪਣਾ ਦਿਲ ਦਰਦ ਦੇ ਸੈਲਾਬ ਵਿੱਚ ਡੁੱਬਦਾਂ ਪ੍ਰਤੀਤ ਹੋਇਆ। ਉਸਨੇ ਨਹੀਂ ਸੋਚਿਆਂ ਸੀ ਕਿ ਜੰਗ ਦਾ ਪ੍ਰਭਾਵ ਇੰਨਾ ਦਿਲ-ਕੰਬਾਊ ਹੁੰਦਾ ਹੈ। ਇੱਕ ਕੌੜੀ ਅਤੇ ਕਠੋਰ ਸੱਚਾਈ ਉਸਦੇ ਸਾਹਮਣੇ ਸੀ। ਇੰਨਾ ਦਰਦਨਾਕ ਦ੍ਰਿਸ਼ ਉਸਨੇ ਆਪਣੀ ਤਮਾਮ ਜ਼ਿੰਦਗੀ ਵਿੱਚ ਨਹੀ ਸੀ ਵੇਖਿਆ। ਇਸ ਦ੍ਰਿਸ਼ ਦੀ ਭਿਆਨਕਤਾ ਉਸਦੇ ਕੋਮਲ ਮਨ ਵਿੱਚ ਖੰਜਰ ਬਣਕੇ ਚੁਭ ਰਹੀ ਸੀ। ਓਿਸਦਾ ਮਨ ਉਪਰਾਮ ਜਿਹਾ ਹੋ ਗਿਆ। ਉਸਨੇ ਉੱਥੋ ਚਲੇ ਜਾਣ ਦਾ ਫ਼ੈਸਲਾ ਕਰ ਲਿਆ ਕਿਉਕਿ ਸੈਂਚੀ ਗ੍ਰਹਿ ਦਾ ਹੁਣ ਕੁੱਝ ਨਹੀਂ ਹੋ ਸਕਦਾ ਸੀ। ਕੋਈ ਵੀ ਤਾਂ ਨਹੀ ਸੀ ਜੀਵਤ ਬਚਿਆ! ਉਹ ਉੱਥੋ ਟੁਰਨ ਲੱਗੀ ਤਾਂ ਉਸਨੂੰ ਨੇੜੇ ਹੀ ਕਿਸੇ ਦੀ ਕਰਾਹਣ ਦੀ ਅਵਾਜ਼ ਸੁਣਾਈ ਦਿੱਤੀ। ਉਹ ਉੱਧਰ ਗਈ ਜਿੱਧਰੋਂ ਕਰਾਹਣ ਦੀ ਅਵਾਜ਼ ਆ ਰਹੀ ਸੀ। ਉਸਨੇ ਵੇਖਿਆ ਕਿ ਜ਼ਮੀਨ ਤੇ ਲੰਮਾ ਪਿਆ ਇੱਕ ਆਦਮੀ ਹੌਲੀ ਹੌਲੀ ਕਰਾਹ ਰਿਹਾ ਸੀ। ਉਸਦਾ ਸਾਹ ਤੇਜ਼ੀ ਨਾਲ ਚੱਲ ਰਿਹਾ ਸੀ। ਉਹ ਉਸਦੇ ਕੋਲ ਗਈ ਅਤੇ ਉਸਨੂੰ ਸਹਾਰਾ ਦੇ ਕਿ ਉਠਾਉਣ ਦੀ ਕੋਸ਼ਿਸ਼ ਕੀਤੀ।

ਉਹ ਮਰਨੀਤ ਸੀ, ਜਿਹੜਾ ਦਰਦ ਨਾਲ ਕਰਾਹ-ਕਰਾਹ ਕੇ ਥੱਕ ਚੁੱਕਾ ਸੀ। ਉਸਨੂੰ ਵੇਖ ਕੇ ਉਹ ਚੀਖਿਆ-' ਹੁਣ ਇੱਥੇ ਕੁੱਝ ਨਹੀਂ ਬਚਿਆ। ਸਭ ਕੁੱਝ ਤਬਾਹ ਹੋ ਗਿਆ। ਜਾਓ, ਇੱਥੋਂ! ਕੁੱਝ ਨਹੀਂ ਹੈ ਇੱਥੇ....।'

'ਮੈਨੂੰ ਦੱਸ ਤੂੰ ਕੌਣ ਏਂ? ਮੈਂ ਤੇਰੀ ਮਦਦ ਕਰਾਂਗੀ...।'

'ਮੈਂ-ਮੈਂ ਤਬਾਹ ਹੋ ਚੁੱਕਿਆ ਹਾਂ। ਵੀਰਾਨ ਸੈਂਚੀ ਗ੍ਰਹਿ ਦੀ ਜ਼ਖਮੀ ਆਤਮਾ ਹਾਂ ਮੈਂ।' ਮਰਨੀਤ ਨੇ ਬੇਹੋਸ਼ ਜਿਹੀ ਅਵਸ਼ਥਾ ਵਿੱਚ ਆਖਿਆ।

'ਉੱਠ, ਆਪਣੇ ਆਪ ਨੂੰ ਸੰਭਾਲ। ਤੂੰ ਹੀ ਇਸ ਸਭਿਅਤਾ ਦਾ ਬੱਚਿਆ ਇਕਲੌਤਾ ਅੰਸ਼ ਏਂ। ਉੱਠ ਆਪਣੀ ਜ਼ਿੰਮੇਵਾਰੀ ਨੂੰ ਸਮਝ।'

'ਹਾਂ.. ਹਾਂ... ਮੈਨੂੰ ਉੱਠਣਾ ਚਾਹੀਦਾ ਏ।' ਮਰਨੀਤ ਆਪਣੇ ਆਪ ਨੂੰ ਸੰਭਾਲਣ ਦੀ ਕੋਸ਼ਿਸ਼ ਕਰਦਿਆਂ ਬੋਲਿਆ। ਸ਼ਾਇਦ ਉਸਦੇ ਹੋਸ਼- ਹਵਾਸ ਵਾਪਸ ਪਰਤ ਆਏ ਸਨ। ' ਤੂੰ ਕੌਣ ਏਂ' ਮਰਨੀਤ ਨੇ ਪੁੱਛਿਆ।

'ਸ਼ਵਾਨਿਕਾ... ਸ਼ਵਾਨਿਕਾ ਏ ਮੇਰਾਂ ਨਾਮ।'

'ਸ਼ਵਾਨਿਕਾ....।' ਮਰਨੀਤ ਦੇ ਮੂੰਹੋ ਨਿੱਕਲਿਆ।

******

ਇਸ ਵੇਲੇ ਮਰਨੀਤ, ਸ਼ਵਾਨਿਕਾ ਦੇ ਸਾਹਮਣੇ ਤਾਜ਼ਾ ਅਤੇ ਸ਼ਾਂਤ ਅਵਸਥਾ ਵਿੱਚ ਬੈਠਾ ਸੀ। ਪਰ ਉਸਦੇ ਚਿਹਰੇ ਤੋਂ ਉਦਾਸੀ ਦੇ ਚਿੰਨ੍ਹ ਨਹੀਂ ਮਿਟੇ ਸੀ। ਇੰਝ ਲੱਗ ਰਿਹਾ ਸੀ ਜਿਵੇਂ ਉਦਾਸੀ ਨੇ ਸਦੀਵੀ ਤੌਰ ਤੇ ਉਸਦੇ ਚਿਹਰੇ ਤੇ ਆਪਣਾ ਆਪ ਵਸਾ ਲਿਆ ਸੀ। ਸ਼ਵਾਨਿਕਾ ਉਸਨੂੰ ਆਪਣੇ ਸਪੇਸਸ਼ਿੱਪ ਵਿੱਚ ਲੈ ਆਈ ਸੀ। ਉਸਨੇ ਉਸਨੂੰ ਕੁੱਝ ਖਾਣ-ਪੀਣ ਨੂੰ ਦਿੱਤਾ। ਜਿਸ ਨਾਲ ਉਸਦੇ ਸਰੀਰ ਨੂੰ ਥੋੜੀ ਸ਼ਕਤੀ ਮਿਲੀ। ਫੇਰ ਸ਼ਵਾਨਿਕਾ ਨੇ ਉਸਨੂੰ ਥੋੜੀ ਦੇਰ ਅਰਾਮ ਕਰਨ ਲਈ ਆਖਿਆ। ਹੁਣ ਮਰਨੀਤ ਜ਼ਰਾ ਸ਼ਾਤ ਅਤੇ ਹਲਕਾ-ਫੁਲਕਾ ਮਹਿਸੂਸ ਕਰ ਰਿਹਾ ਸੀ। ਪਰ ਰਹਿ ਰਹਿ ਕੇ ਉਸਨੂੰ ਸੈਂਚੀ ਗ੍ਰਹਿ ਦੀ ਤਬਾਹੀ ਚੇਤੇ ਕਰਕੇ ਘਬਰਾਹਟ ਹੋ ਰਹੀ ਸੀ ਅਤੇ ਉਸਦੇ ਦਿਲ ਵਿੱਚੋਂ ਦਰਦ ਦਾ ਸੈਲਾਬ ਵਹਿਕੇ ਅੱਖਾਂ ਦੇ ਰਸਤੇ ਵਿੱਚੋਂ ਬਾਹਰ ਆਉਣ ਲਈ ਮਚਲ ਰਿਹਾ ਸੀ।

'ਕਦੇ ਜ਼ਿੰਦਗੀ ਮੁਸਕਰਾਉਂਦੀ ਸੀ ਇਸ ਗ੍ਰਹਿ 'ਤੇ .....! ਮਰਨੀਤ ਨੇ ਸ਼ਵਾਨਿਕਾ ਨੂੰ ਆਖਿਆ-' ਜੀਵਤ ਇਨਸਾਨਾਂ ਦੇ ਹਾਸੇ ਦੀ ਛਣਕਾਰ ਗੂੰਜਦੀ ਸੀ। ਬੁਲੰਦ ਇਮਾਰਤਾਂ ਅਸਮਾਨ ਨਾਲ ਗੱਲਾਂ ਕਰਦੀਆਂ ਸਨ। ਜ਼ਿੰਦਗੀ ਦੀ ਰੌਅ ਕਿੰਝ ਇੱਕ ਉਤੇਜਨਾ ਅਤੇ ਖ਼ੁਸ਼ੀ 'ਚ ਧੜਕ ਰਹੀ ਸੀ। ਪਰ ਇੱਕਦਮ ਸਭ ਕੁੱਝ ਤਬਾਹ ਹੋ ਗਿਆ। ਜ਼ਿੰਦਗੀ ਦਾ ਗੀਤ ਜਿਵੇਂ ਅਚਾਨਕ ਰੁਕ ਗਿਆ। ਅਤੇ ਚਾਰੇ ਪਾਸੇ ਅਜੀਬ ਜਿਹੀ ਰੁਦਨ ਭਰੀ ਤਨਹਾਈ ਪਸਰ ਗਈ। ਇਹ ਸਭ ਕੁੱਝ ਸੱਤਾ ਦੇ ਮਾਲਕਾਂ ਕਰਕੇ ਹੋਇਆ। ਆਪਣੇ ਸਵਾਰਥੀ ਹਿੱਤ ਪੂਰੇ ਕਰਨ ਲਈ ਉਹਨਾਂ ਨੇ ਸਾਰੇ ਗ੍ਰਹਿ ਨੂੰ ਯੁੱਧ ਦੀ ਅੱਗ ਵਿੱਚ ਧੱਕ ਦਿੱਤਾ। ਉਹਨਾਂ ਕਿਸੇ ਦੀ ਇੱਕ ਨਾ ਸੁਣੀ। ਸਮਝਦਾਰ ਲੋਕਾਂ ਨੇ ਬਥੇਰਾ ਸਮਾਝਾਇਆ। ਪਰ ਉਹਨਾਂ ਦੇ ਸਮਝ ਨਾ ਪਈ। ਉਹ ਤਾਂ ਸਿਰਫ਼ ਆਪਣਾ ਸਵਾਰਥ ਹੀ ਵੇਖ ਰਹੇ ਸੀ। ਆਪਣੇ ਸੱਤਾ ਦੇ ਜਨੂੰਨ ਦੀ ਪੂਰਤੀ ਕਰ ਰਹੇ ਸਨ। ਅੱਜ ਉਹ ਆਪ ਵੀ ਨਹੀ ਸਨ - ਖੰਡਰਾਂ 'ਤੇ ਰਾਜ ਕਰਨ ਲਈ।

'ਉਦਾਸ ਨਾ ਹੋ ਮਰਨੀਤ। ਕੋਈ ਕੁੱਝ ਨਹੀਂ ਕਰ ਸਕਦਾ ਸੀ। ਇਹ ਤਾਂ ਹੋਣਾ ਹੀ ਸੀ। ਜਦੋਂ ਆਦਮੀ ਦੇ ਸਿਰ 'ਤੇ ਜੰਨੂਨ ਸਵਾਰ ਹੁੰਦਾ ਹੈ ਉਦੋਂ ਤੁਸੀਂ ਉਸਨੂੰ ਤਬਾਹੀ ਦੇ ਰਸਤੇ ਤੋਂ ਵਾਪਸ ਆਉਣ ਲਈ ਰੋਕ ਨਹੀਂ ਸਕਦੇ। ਤੁਸੀਂ ਜਿੰਨੀ ਮਰਜ਼ੀ ਕੋਸ਼ਿਸ਼ ਕਰ ਲਓ- ਪਰ ਕੁੱਝ ਨਹੀ ਕਰ ਸਕਦੇ ਕਿਉਂਕਿ ਇਹ ਜੰਨੂਨ ਆਦਮੀ ਦੇ ਅੰਦਰ ਬਹੁਤ ਗਹਿਰਾ ਰਚਿਆ ਹੋਇਆ ਹੈ ਸਿਰਫ਼ ਇਹ ਉਸਦੀ ਤਬਾਹੀ ਦੇ ਨਾਲ ਹੀ ਖਤਮ ਹੁੰਦਾ ਹੈ। ਅਜਿਹਾ ਹੀ ਇੱਥੇ ਹੋਇਆ ਹੈ। ਕੁੱਝ ਇੱਕ ਆਦਮੀ ਇਸਨੂੰ

ਰੋਕ ਨਹੀ ਸਕਦੇ। ਇਸਦੇ ਵਾਸਤੇ ਸਭ ਦਾ ਸਮਝਦਾਰ ਹੋਣਾ ਬਹੁਤ ਜਰੂਰੀ ਹੈ। ਜਨੂੰਨੀ-ਸੱਭਿਅਤਾ ਆਖਰ ਆਪਣੇ ਆਪ ਨੂੰ ਤਬਾਹ ਕਰ ਲੈਂਦੀ ਹੈ ਜਾਂ ਫਿਰ ਉਹ ਬਹੁਤ ਤਰੱਕੀ ਕਰਦੀ ਹੈ ਅਤੇ ਦੂਜਿਆਂ ਨੂੰ ਤਬਾਹ ਕਰਨ ਦੀ ਕੋਸ਼ਿਸ਼ ਕਰਦੀ ਹੈ।

'ਖ਼ੈਰ! ਇਹ ਤਾ ਸਭ ਕੁੱਝ ਵਾਪਰਨਾ ਹੀ ਸੀ ਅਤੇ ਵਾਪਰ ਗਿਆ। ਹੁਣ ਤੂੰ ਸੋਚਣਾ ਏ ਕਿ ਤੂੰ ਕੀ ਕਰ ਸਕਦਾ ਏ?'

'ਮੈਂ-ਮੈਂ ਤਾਂ ਚਾਹੁੰਦਾ ਹਾਂ ਕਿ ਸੈਂਚੀ ਗ੍ਰਹਿ ਮੁੜ ਪਹਿਲਾਂ ਵਾਲੀ ਹਾਲਤ ਵਿੱਚ ਆ ਜਾਵੇ। ਪਰ ਅਜਿਹਾ ਨਹੀ ਹੋ ਸਕਦਾ....। ਮੈਂ ਇੱਕਲਾ ਕੀ ਕਰ ਸਕਦਾ ਹਾਂ!'

'ਉਦਾਸ ਹੋਣ ਦੀ ਲੋੜ ਨਹੀਂ । ਮੈਂ ਤੇਰੇ ਨਾਲ ਹਾਂ। ਮੇਰੇ ਦਿਮਾਗ ਵਿੱਚ ਇਹੀ ਵਿਚਾਰ ਹੈ ਕਿ ਸੈਂਚੀ ਗ੍ਰਹਿ ਨੂੰ ਮੁੜ ਜੀਵਨ ਨਾਲ ਭਰਪੂਰ ਬਣਾਇਆ ਜਾਵੇ। ਸਾਨੂੰ ਬੱਸ ਹਿੰਮਤ ਅਤੇ ਕੋਸ਼ਿਸ਼ ਕਰਨੀ ਪਏਗੀ, ਇਸ ਦਰਦਨਾਕ ਸਾਕੇ ਨੂੰ ਭੁੱਲ ਕੇ। ਜਿਵੇਂ ਹਰ ਕਾਲੀ ਰਾਤ ਤੋਂ ਬਾਅਦ ਸਵੇਰਾ ਹੁੰਦਾ ਹੈ ਉੱਝ ਹੀ ਸੈਂਚੀ ਗ੍ਰਹਿ 'ਤੇ ਜੀਵਨ ਦਾ ਸਵੇਰਾ ਕਰਨ ਵਾਸਤੇ ਕੋਸ਼ਿਸ਼ ਕਰਨੀ ਹੋਵੇਗੀ। ਮੈਂ ਤੇਰੀ ਹਰ ਸੰਭਵ ਸਹਾਇਤਾ ਕਰਾਂਗੀ।' ਸ਼ਵਾਨਿਕ ਨੇ ਮਰਨੀਤ ਸ਼ਵਾਨਿਕਾ ਦੀ ਇਸ ਤੱਸਲੀ ਨਾਲ ਪਿਘਲ ਗਿਆ ਅਤੇ ਸ਼ਵਾਨਿਕ ਦੇ ਪ੍ਰਤੀ ਉਸਦੇ ਮਨ ਵਿੱਚ ਅਥਾਹ ਪਿਆਰ ਅਤੇ ਸਤਿਕਾਰ ਦੀਆਂ ਭਾਵਨਾ ਉਮੜਨ ਲੱਗੀ।

'ਪਰ ਇਹ ਸਭ ਕੁੱਝ ਕਿਵੇਂ ਸੰਭਵ ਹੋਵੇਗਾ?'

'ਸੰਭਵ ਹੋਵੇਗਾ! ਮੇਰੇ ਪਿਤਾ ਜੀ ਸਕੀਨਾ ਗ੍ਰਹਿ ਦੇ ਸਮਰਾਟ ਹਨ। ਅਸੀਂ ਉਹਨਾਂ ਤੋਂ ਮਦਦ ਲਵਾਂਗੇ।'

'ਠੀਕ ਹੈ!' ਮਰਨੀਤ ਦੇ ਅੰਦਰ ਖ਼ੁਸ਼ੀ ਦੀ ਲਹਿਰ ਜਿਹੀ ਉੱਠ ਖੜੀ ਹੋਈ।

ਸਵਾਨਿਕਾ ਅਤੇ ਮਰਨੀਤ ਇਸ ਵੇਲੇ ਸਕੀਨਾ ਗ੍ਰਹਿ ਦੇ ਸਮਰਾਟ ਜੈਵੀਰ ਦੇ ਸਾਹਮਣੇ ਬੈਠੇ ਸਨ, ਜਿਹੜਾ ਸ਼ਵਾਨਿਕਾ ਦਾ ਪਿਤਾ ਵੀ ਸੀ। ਸ਼ਵਾਨਿਕਾ ਨੇ ਆਪਣੇ ਪਿਤਾ ਨੂੰ ਸੈਂਚੀ ਗ੍ਰਹਿ ਦੀ ਸਥਿਤੀ ਵਾਰੇ ਸਭ ਕੁੱਝ ਦੱਸ ਦਿੱਤਾ ਸੀ ਅਤੇ ਇਹ ਵੀ ਦੱਸ ਦਿੱਤਾ ਸੀ ਕਿ ਉਸਦੀ ਇੱਛਾ ਹੈ ਕਿ ਸੈਂਚੀ ਗ੍ਰਹਿ ਨੂੰ ਮੁੜ ਸੰਜੀਵ ਕਰਨ ਦੇ ਯਤਨ ਕੀਤੇ ਜਾਣ। ਜੈਵੀਰ ਨੇ ਉਸਦੀ ਇੱਛਾ ਨੂੰ ਬਹੁਤ ਖ਼ੁਸ਼ੀ ਨਾਲ ਮੰਨ ਲਿਆ ਸੀ। ਅਤੇ ਤੁਰੰਤ ਹੀ ਆਪਣੇ ਮੰਤਰੀਆਂ ਅਤੇ ਸਕੀਨਾ ਗ੍ਰਹਿ ਦੇ ਪ੍ਰਮੁੱਖ ਵਿਗਿਆਨਕਾਂ ਨਾਲ ਸਲਾਹ-ਮਸ਼ਵਰਾ ਕਰਨ ਲਈ ਮੀਟਿੰਗ ਰੱਖ ਲਈ ਸੀ। ਉਹਨਾਂ ਸਭ ਨੇ ਖ਼ੁਸ਼ੀ ਨਾਲ ਆਪਣੀ ਸਹਿਮਤੀ ਦੇ ਦਿੱਤੀ ਸੀ। ਵਿਗਿਆਨੀਆਂ ਨੇ ਦੱਸਿਆ ਸੀ ਕਿ ਉਹਨਾਂ ਨੇ ਪ੍ਰਮਾਣੂ ਬੰਬਾਂ ਦੇ ਵਿਸਫੋਟ ਤੋਂ ਬਾਅਦ ਉਤਪੰਨ ਹੋਣ ਵਾਲੇ ਮਾਰੂ ਪ੍ਰਭਾਵਾਂ ਨੂੰ ਖਤਮ ਕਰਨ ਲਈ ਰਸਾਇਣਕ ਸੂਤਰ ਤਿਆਰ ਕਰੇ ਹੋਏ ਹਨ। ਸੈਂਚੀ ਗ੍ਰਹਿ ਤੇ ਬੰਬ ਵਿਸਫ਼ੋਟਾ ਤੋਂ ਬਾਅਦ ਖਤਰਨਾਕ ਵਿਕਿਰਨਾਂ ਨੂੰ ਖਤਮ ਕਰਕੇ ਉਥੋਂ ਦੇ ਵਾਯੂਮੰਡਲ ਨੂੰ ਮੁੜ ਜੀਵਨ ਦੇ ਅਨੁਕੂਲ ਬਣਾਉਣਾ ਉਹਨਾਂ ਲਈ ਕੋਈ ਅਸੰਭਵ ਕੰਮ ਨਹੀਂ ਸੀ। ਜੈਵੀਰ ਨੇ ਸੈਂਚੀ ਗ੍ਰਹਿ ਨੂੰ ਸੰਜੀਵ ਕਰਨ ਲਈ ਵਿਗਿਆਨਕਾਂ ਦੀ ਇੱਕ ਟੀਮ ਬਣਾ ਦਿੱਤੀ ਸੀ।

'ਪਿਤਾ ਜੀ, ਤੁਸੀਂ ਆਪਣੀ ਜ਼ਿੱਦੀ ਬੇਟੀ ਨਾਲ ਨਰਾਜ਼ ਤਾਂ ਨਹੀਂ ਹੋ।' ਮੀਟਿੰਗ ਤੋਂ ਬਾਅਦ ਸ਼ਵਾਨਿਕਾ ਨੇ ਆਪਣੇ ਪਿਤਾ ਤੋਂ ਪੁੱਛਿਆ।

'ਨਹੀਂ ....' ਬੇਟੀ! ਹਲਾਂਕਿ ਪਹਿਲਾਂ ਮੈਂ ਤੇਰੇ ਨਾਲ ਥੋੜ੍ਹਾ ਜਿਹਾ ਨਰਾਜ਼ ਸੀ। ਪਰ ਹੁਣ ਤਾਂ ਮੈਨੂੰ ਤੇਰੇ ਤੇ ਮਾਣ ਹੈ ਕਿ ਤੇਰੇ ਮਨ ਵਿੱਚ ਕਿੰਨੇ ਮਹਾਨ ਖਿਆਲ ਨੇ ਜਨਮ ਲਿਆ।' ਜੈਵੀਰ ਨੇ ਸ਼ਵਾਨਿਕਾ ਨੂੰ ਆਪਣੀ ਗਲਵੱਕੜੀ 'ਚ ਲੈ ਕੇ ਆਖਿਆ।

*******

ਵਿਗਿਆਨਕਾਂ ਨੇ ਸੈਂਚੀ ਗ੍ਰਹਿ ਦੀ ਸਥਿੱਤੀ ਦਾ ਨਿਰੀਖਣ ਕਰਨ ਤੋਂ ਬਾਅਦ ਉੱਥੋਂ ਦੇ ਹਾਲਾਤ ਨੂੰ ਜੀਵਨ ਦੇ ਅਨੁਕੂਲ ਕਰਨ ਦੀ ਕੋਸ਼ਿਸ਼ ਸ਼ੁਰੂ ਕਰ ਦਿੱਤੀ। ਹਾਲਾਂਕਿ ਪ੍ਰਮਾਣੂ ਬੰਬਾਂ ਅਤੇ ਹਾਈਡ੍ਰੋਜਨ ਬੰਬਾਂ ਦੇ ਪ੍ਰਯੋਗ ਤੋਂ ਬਾਅਦ ਸੈਂਚੀ ਗ੍ਰਹਿ ਬਹੁਤ ਬੁਰੀ ਹਾਲਤ ਵਿੱਚ ਸੀ ਅਤੇ ਉਸ ਲੱਗਭੱਗ ਆਪਣੇ ਸੌਰ ਮੰਡਲ ਦੇ ਬਾਕੀ ਗ੍ਰਹਿਆਂ ਵਾਂਗ ਹੁਣ ਨਿਰਜਨ ਹੀ ਰਹਿਣਾ ਸੀ। ਪਰ ਸਕੀਨਾ ਗ੍ਰਹਿ ਦਾ ਵਿਗਿਆਨ ਬਹੁਤ ਤਰੱਕੀ ਕਰ ਚੁੱਕਿਆ ਸੀ ਅਤੇ ਉਹ ਅਜਿਹੀ ਸਥਿਤੀ ਨਾਲ ਨਜਿੱਠਣ ਦੇ ਸਮੱਰਥ ਸਨ। ਵਿਗਿਆਨਕਾਂ ਦੀ ਟੀਮ ਨੇ ਸੈਂਚੀ ਗ੍ਰਹਿ ਦੇ ਖੰਡਰਾਂ ਨੂੰ ਸਾਫ਼ ਕਰਵਾਉਣ ਦਾ ਕੰਮ ਸ਼ੁਰੂ ਕਰਵਾ ਦਿੱਤਾ ਸੀ। ਜਦੋਂ ਸਾਰੇ ਸੈਂਚੀ ਗ੍ਰਹਿ ਦੇ ਖੰਡਰ ਸਾਫ਼ ਹੋ ਗਏ ਸੈਂਚੀ ਗ੍ਰਹਿ ਬਿਲਕੁਲ ਸਾਫ਼ ਤੇ ਚੰਗੀ ਹਾਲਤ ਵਿੱਚ ਆ ਗਿਆ ਤਾਂ ਉਹਨਾਂ ਆਪਣੇ ਰਸਾਇਣਕਸੂਤਰਾਂ ਦੀ ਮਦਦ ਨਾਲ ਉੱਥੇ ਦੇ ਵਾਯੂਮੰਡਲ ਵਿੱਚੋਂ ਖ਼ਤਰਨਾਕ ਵਿਕਿਰਨਾਂ ਦੇ ਪ੍ਰਭਾਵ ਨੂੰ ਕਤਮ ਕਰਨ ਦਾ ਕੰਮ ਸ਼ੁਰੂ ਕਰ ਦਿੱਤਾ।

ਇਸ ਮਹਾਨ ਮਿਸ਼ਨ ਤੇ ਆਇਆ ਹਰੇਕ ਵਿਅਕਤੀ ਸੱਚੇ ਦਿਲੋਂ ਇਸ ਮਹਾਨ ਕੰਮ ਨੂੰ ਸਿਰੇ ਚਾੜ੍ਹਨ ਦਾ ਮਹਤੱਵਪੂਰਨ ਯੋਗਦਾਨ ਦੇ ਰਿਹਾ ਸੀ। ਸ਼ਵਾਨਿਕਾ ਅਤੇ ਮਰਨੀਤ ਇਸ ਕੰਮ ਦਾ ਪੂਰਾ ਖ਼ਿਆਲ ਰੱਖ ਰਹੇ ਸੀ ਅਤੇ ਜਿੱਥੇ ਹੋ ਸਕਦਾ ਸੀ ਮਦਦ ਕਰ ਰਹੇ ਸਨ।

ਦਿਨ-ਰਾਤ ਅਣਥੱਕ ਮਿਹਨਤ ਕਰਨ ਤੋਂ ਬਾਅਦ ਸੈਂਚੀ ਗ੍ਰਹਿ ਦੇ ਹਾਲਾਤ ਜੀਵਤ ਪ੍ਰਾਣੀਆਂ ਦੇ ਰਹਿਣ ਦੇ ਲਈ ਕਾਫ਼ੀ ਅਨੁਕੂਲ ਹੋ ਗਏ। ਉੱਥੇ ਇੱਕ ਨਗਰ ਵਸਾਇਆ ਗਿਆ ਜਿਸ ਵਿੱਚ ਤਕਰੀਬਨ ਦਸ ਹਜ਼ਾਰ ਮਕਾਨ ਬਣਾਏ ਗਏ। ਜਿਨ੍ਹਾਂ ਵਿੱਚ ਸਕੀਨਾ ਗ੍ਰਹਿ ਤੋਂ ਆਏ ਪਰਿਵਾਰਾਂ ਨੇ ਰਹਿਣਾ ਸੀ। ਉਸ ਨਗਰ ਵਿੱਚ ਇੱਕ ਸਕੂਲ, ਇੱਕ ਬਜ਼ਾਰ ਅਤੇ ਕੁੱਝ ਹੋਰ ਮਕਾਨ ਵੀ ਬਣਾਏ ਗਏ। ਸਥਾਨ ਅਜਿਹਾ ਵੀ ਬਣਾਇਆ ਗਿਆ ਜਿੱਥੇ ਪੁਰਾਣੇ ਸੈਂਚੀ ਗ੍ਰਹਿ ਦੀਆਂ ਯਾਦਾਂ ਨੂੰ ਸਾਂਭਿਆ ਗਿਆ ਸੀ। ਜੀਵਨ ਚੱਕਰ ਨੂੰ ਚੱਲਦਾ ਰੱਖਣਾ ਲਈ ਸ਼ਹਿਰ ਵਿੱਚ ਜਗ੍ਹਾ

ਜਗ੍ਹਾ, ਦਰਖ਼ਤ ਲਗਾਏ ਗਏ ਅਤੇ ਬਹੁਤ ਸਾਰੇ ਬਾਗ-ਬਗ਼ੀਚੇ ਬਚਾਏ ਗਏ।

ਸੈਂਚੀ ਗ੍ਰਹਿ ਦੇ ਨਵੇਂ ਵਾਸੀਆਂ ਦਾ ਖ਼ਿਆਲ ਰੱਖਣ ਲਈ ਅਤੇ ਉਹਨਾਂ ਦੀਆਂ ਸਮਸਿੱਆਵਾਂ ਨੂੰ ਹੱਲ ਕਰਨ ਲਈ ਇੱਕ ਕਮੇਟੀ ਦਾ ਗਠਨ ਕੀਤਾ ਗਿਆ ਜਿਸਦਾ ਮੁੱਖੀ ਮਰਨੀਤ ਨੂੰ ਬਣਾਇਆ ਗਿਆ। ਇਹ ਕਮੇਟੀ ਸਕੀਨਾ ਗ੍ਰਹਿ ਤੋਂ ਹਰ ਵੇਲੇ ਮਦਦ ਲੈ ਸਕਦੀ ਸੀ। ਅਤੇ ਇੰਝ ਸੈਂਚੀ ਗ੍ਰਹਿ ਤੇ ਜ਼ਿੰਦਗੀ ਦੀ ਚਿੰਗਾਰੀ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਗਈ। ਭਵਿੱਖ ਵਿੱਚ ਨਵੇਂ ਵਾਸੀਆਂ ਨੂੰ ਸੈਂਚੀ ਗ੍ਰਹਿ ਨੂੰ ਮੁੜ-ਵਸਾਉਣ ਅਤੇ ਉਸਦੇ ਵਿਕਾਸ ਦੀ ਜ਼ਿੰਮੇਵਾਰੀ ਸੌਂਪੀ ਗਈ। ਅਤੇ ਹੁਣ ਉਹਨਾਂ ਦੇ ਜੀਵਨ ਦਾ ਉਦੇਸ਼ ਸੈਂਚੀ ਗ੍ਰਹਿ ਨੂੰ ਵੀ ਸਕੀਨਾ ਗ੍ਰਹਿ ਵਾਂਗ ਹੀ ਵਿਕਸਿਤ ਕਰਨਾ ਸੀ। ਇਹ ਕੰਮ ਮੁਸ਼ਕਿਲ ਅਤੇ ਚੁਨੌਤੀਆਂ ਭਰਿਆ ਸੀ। ਪਰ ਉਹਨਾਂ ਦੇ ਅੰਦਰ ਇਸਨੂੰ ਪ੍ਰਵਾਨ ਚੜ੍ਹਾਉਣ ਦਾ ਜਜ਼ਬਾ ਸੀ।

ਇਸ ਤਰ੍ਹਾਂ, ਸੈਂਚੀ ਗ੍ਰਹਿ ਤੇ ਮੁੜ ਇੱਕ ਵਾਰ ਫਿਰ ਜੀਵਨ ਦੀ ਚਿੰਗਾਰੀ ਭਖ ਪਈ। ਉੱਥੇ ਫਿਰ ਪਹਿਲਾਂ ਵਰਗੀਆਂ ਮੁਸਕਾਨਾਂ ਅਤੇ ਜ਼ਿੰਦਗੀ ਦੇ ਗੀਤ ਪਰਤ ਆਏ ਸਨ। ਜ਼ਿੰਦਗੀ ਇੱਕ ਵਾਰ ਫਿਰ ਮੁੜ ਤੋਂ ਸ਼ੁਰੂ ਹੋ ਰਹੀ ਸੀ। ਚਾਹੇ ਅਜੇ ਹੌਲੀ ਹੌਲੀ ਅਤੇ ਮੱਧਮ ਚਾਲ ਵਿੱਚ ਹੀ ਸ਼ੁਰੂ ਹੋ ਰਹੀ ਸੀ। ਪਰ ਜੀਉਣ ਵਾਲਿਆ ਦੇ ਅੰਦਰ ਜਜ਼ਬੇ ਅਤੇ ਉਦੇਸ਼ ਮਹਾਨ ਸਨ।

ਮਰਨੀਤ ਨੇ ਤਾਂ ਸੈਂਚੀ ਗ੍ਰਹਿ ਤੇ ਰਹਿਣਾ ਸੀ। ਸ਼ਵਾਲਿਕਾ ਨੇ ਵੀ ਉਸ ਨਾਲ ਵਿਆਹ ਕਰਵਾਕੇ ਉੱਥੇ ਹੀ ਵਸਣ ਦਾ ਫ਼ੈਸਲਾ ਕੀਤਾ। ਮਰਨੀਤ ਉਸਦਾ ਫ਼ੈਸਲਾ ਸੁਣ ਕੇ ਅਤਿਅੰਤ ਖ਼ੁਸ਼ ਹੋਇਆ। ਉਸਨੂੰ ਸਮਝ ਨਹੀਂ ਆ ਰਹੀ ਸੀ ਕਿ ਸ਼ਵਾਨਿਕਾ ਦਾ ਉਹ ਕਿਸ ਤਰਹਾਂ ਧੰਨਵਾਦ ਕਰੇ!

********

ਸੈਂਚੀ ਗ੍ਰਹਿ ਤੇ ਮੁੜ ਜੀਵਨ ਦਾ ਸੰਚਾਰ ਕਰਦਿਆ ਦੋ ਸਾਲ ਗੁਜ਼ਰ ਗਏ। ਅਤੇ ਮਰਨੀਤ ਨੂੰ ਪਤਾ ਹੀ ਨਹੀਂ ਚੱਲਿਆ ਕਿ ਸਮਾਂ ਕਿੰਝ ਬੀਤ ਗਿਆ। ਇਹਨਾਂ ਦੋ ਸਾਲਾਂ ਵਿੱਚ ਉਹ ਬਹੁਤ ਵਿਅਸਤ ਰਹੇ ਹਨ। ਉਹਨਾਂ ਦਾ ਹਰ ਪਲ ਸੈਂਚੀ ਗ੍ਰਹਿ ਨੂੰ ਮੁੜ ਸੰਜੀਵ ਕਰਨ ਦੀਆਂ ਕੋਸ਼ਿਸ਼ਾ ਵਿੱਚ ਗੁਜ਼ਰਿਆ ਸੀ। ਪਰ ਹੁਣ ਉਹਨਾਂ ਨੂੰ ਥੋੜ੍ਹੀ ਫੁਰਸਤ ਮਿਲੀ ਸੀ ਕਿਉਕਿ ਸਭ ਤੋਂ ਵੱਡਾ ਕੰਮ ਖ਼ਤਮ ਹੋ ਚੁੱਕਿਆ ਸੀ। ਹੁਣ ਤਾਂ ਰੋਜ਼ਾਨਾ ਦੀ ਜ਼ਿੰਦਗੀ ਦੇ ਛੋਟੇ ਮੋਟੇ ਕੰਮ ਸਨ।

ਅੱਜ ਸ਼ਵਾਨਿਕਾ ਅਤੇ ਮਰਨੀਤ ਦਾ ਵਿਆਹ ਹੋਇਆ ਸੀ। ਹੁਣ ਉਹ ਇੱਕ ਦੂਸਰੇ ਦੇ ਹਮਨਸ਼ੀਂ ਅਤੇ ਦੁੱਖ ਸੁੱਖ ਦੇ ਸਾਥੀ ਸਨ। ਸਭ ਕੁੱਛ ਠੀਕ ਠਾਕ ਹੋ ਗਿਆ ਜਿਵੇਂ ਸੋਚਿਆ ਸੀ। ਅੱਜ ਮੈਂ ਬਹੁਤ ਖ਼ੁਸ਼ ਹਾਂ।' ਮਰਨੀਤ ਨੇ ਸ਼ਵਾਨਿਕਾ ਨੂੰ ਆਖਿਆ।

'ਮੈਂ ਵੀ ਤੇਰੇ ਜਿੰਨੀ ਹੀ ਖੁਸ਼ ਹਾਂ।' ਸ਼ਵਾਨਿਕਾ ਨੇ ਮਰਨੀਤ ਦੀਆਂ ਅੱਖਾਂ ਵਿੱਚ ਵੇਖਦਿਆਂ ਆਖਿਆ।

ਮਰਨੀਤ ਨੇ ਵੇਖਿਆ ਕਿ ਸ਼ਵਾਨਿਕਾ ਇਸ ਵੇਲੇ, ਕਿਸੇ ਅਪਸਰਾ ਵਾਂਗ ਖ਼ੂਬਸੂਰਤ ਲੱਗ ਰਹੀ ਸੀ। ਉਸਨੇ ਸ਼ਵਾਨਿਕਾ ਦੇ ਗੋਰੇ ਮੁਖੜੇ ਨੂੰ ਆਪਣੇ ਹੱਥਾ ਦੀ ਆਗੋਸ਼ 'ਚ ਲੈ ਕੇ ਚੁੰਮ ਲਿਆ। ਸ਼ਵਾਨਿਕਾ ਨੇ ਇਸ ਪਵਿੱਤਰ ਵਿਸਮਾਦੀ ਛੋਹ ਦਾ ਅੰਨਦ ਮਹਿਸੂਸ ਕਰਕੇ ਆਪਣੀਆਂ ਅੱਖਾ ਬੰਦ ਕਰ ਲਈਆਂ। ਉਸਨੇ ਅਨੁਭਵ ਕੀਤਾ ਕਿ ਅੱਜ ਉਸਨੂੰ ਉਸਦੇ ਗੁਆਚੇ ਸੁਪਨੇ, ਜ਼ਿੰਦਗੀ ਅਤੇ ਸਚਾਈ ਦੀ ਪ੍ਰਾਪਤੀ ਹੋ ਗਈ ਹੈ, ਜਿਸਦੀ ਤਲਾਸ਼ ਵਿੱਚ ਉਹ ਇੰਨੀ ਦੇਰ ਭਟਕੀ ਸੀ। ਮਰਨੀਤ ਨੇ ਸ਼ਵਾਨਿਕਾ ਨੂੰ ਆਪਣਿਆ ਬਾਹਵਾਂ ਦੇ ਘੇਰੇ ਵਿੱਚ ਲੈ ਲਿਆ ਅਤੇ ਸ਼ਵਾਨਿਕਾ ਨੇ ਵੀ ਇੱਕ ਪਿਆਰੀ ਜਿਹੀ ਹਕੀਕਤ ਦੀ ਬੁਨਿਆਦ ਰੱਖਣ ਲਈ ਆਪਣੀਆਂ ਬਾਹਵਾਂ ਮਰਨੀਤ ਦੀ ਪਿੱਠ ਦੇ ਗਿਰਦ ਲਪੇਟ ਦਿੱਤੀਆਂ...

## ਸੋਚਾਂ ਸਮੁੰਦਰੋਂ ਡੂੰਘੀਆਂ

1. ਉਦੋਂ ਦਾ ਮੈਂ ਆਪਣਾ ਫ਼ਿਕਰ ਕਰਨਾ ਛੱਡ ਦਿੱਤਾ ਹੈ ਜਦੋਂ ਤਾਂ ਮੈਨੂੰ ਪਤਾ ਲੱਗਿਆ ਹੈ ਕਿ ਮੇਰਾ ਫ਼ਿਕਰ ਉਹ ਕਰ ਰਿਹਾ ਹੈ ਜਿਸ ਨੂੰ ਸਾਰਿਆਂ ਦਾ ਫ਼ਿਕਰ ਹੈ।

2. ਜੇ ਤੁਸੀਂ ਕਿਸੇ ਦੇ ਮੋਬਾਇਲ ਤੇ ਲੱਗੀਆਂ ਸਿਰਫ ਹੈਲੋ ਟਿਊਨਾਂ ਸੁਣਨੀਆਂ ਹਨ ਤਾਂ ਉਸ ਨੂੰ ਪੈਸੇ ਉਧਾਰੇ ਦੇ ਦੇਵੋ।

3. ਜੇ ਤੁਹਾਨੂੰ ਲੱਗ ਰਿਹਾ ਹੋਵੇ ਕਿ ਇਸ ਵਿਅਕਤੀ ਦੀਆਂ ਗੱਲਾਂ ਮੇਰੀ ਤਰੱਕੀ ਦੇ ਰਾਹ ਵਿੱਚ ਰੋੜਾ ਬਣ ਰਹੀਆ ਹਨ ਉਸ ਦੇ ਕੋਲੋ ਖੜਣਾ ਹੀ ਛੱਡ ਦੇਵੋ।

4. ਜਿੰਨਾਂ ਚਿਰ ਕਿਸੇ ਕਲਾਕਾਰ ਦੀ ਕਲਾ ਜਿਉਂਦੀ ਹੈ ਉਨਾਂ ਚਿਰ ਉਹ ਕਲਾਕਾਰ ਵੀ ਭੁੱਖਾ ਨਹੀਂ ਮਰਦਾ।

5. ਤੁਹਾਡੇ ਨਾਲ ਸਭ ਤੋਂ ਪਹਿਲਾ ਸੰਬੰਧ ਤੁਹਾਡੀ ਆਪਣੀ ਇੱਜ਼ਤ ਦਾ ਹੈ ਜੇ ਤੁਸੀਂ ਆਪਣੀ ਇੱਜ਼ਤ ਹੀ ਨਿਲਾਮ ਕਰ ਦਿੱਤੀ ਤਾਂ ਤੁਹਾਨੂੰ ਤੁਹਾਡੇ ਵੱਡੇ-ਵਡੇਰਿਆਂ ਦੀ ਬਣਾਈ ਇੱਜ਼ਤ ਕਰਕੇ ਸਲਾਮਾਂ ਨਹੀਂ ਹੋਣਗੀਆਂ।

**ਜਸਮੀਤ ਸਿੰਘ ਬਹਿਣੀਵਾਲ**

98726-26531

# ਕੰਧੇ ਸਰਹੰਦ ਦੀਏ

ਕੰਧੇ ਸਰਹੰਦ ਦੀਏ ਨੀਂ ਦੱਸੀਂ ਜਰਾ ਖੋਲ੍ਹ ਕੇ, ਪੱਛਣੇ ਮੈਂ ਚਾਂਹਵਾਂ ਤੈਨੂੰ ਬੜੇ ਹੀ ਸੁਵਾਲ ।
ਜਦੋਂ ਦਸ਼ਮੇਸ਼ ਦੇ ਦੁਲਾਰੇ ਫੜ ਜਾਲਮਾਂ ਨੇ ਤੇਰੇ ਚ ਚਿਨਾਉਣ ਲਈ ਲਿਆਂਦੇ ਦੋਵੇਂ ਲਾਲ ।
ਕਿਵੇਂ ਦੱਸ ਅੜੀਏ ਨੀ ਧਰਤੀ ਹੈਰਾਨ ਹੋਈ , ਗੂਜਿਆ ਆਕਾਸ਼ ਸੀ ਜੈਕਾਰਿਆਂ ਦੇ ਨਾਲ ।
ਜਦੋਂ ਸੀ ਮਨੁੱਖਤਾ ਦਾ ਘਾਣ ਕੀਤਾ ਜਾਲਮਾਂ ਰੱਖਿਆ ਮਾਸੂਮਾਂ ਦਾ ਨਾ ਰਤਾ ਵੀ ਖਿਆਲ ।
ਮੱਥਾ ਸੀ ਪਹਾੜ ਨਾਲ ਲਾਇਆ ਸਾਹਿਬਜਾਦਿਆਂ ਨੇ,ਸਿਦਕ ਭਰੋਸੇ ਵਾਲੀ ਕੀਤੀ ਸੀ ਕਮਾਲ ।
ਕੰਬੀ ਹੋਣੀ ਧਰਤੀ ਨਜਾਰਾ ਖੂਨੀ ਵੇਖ ਉਦੋ ਸਿਸਕੀ ਵੀ ਪੌਣ ਹੋਣੀ ਤੇ ਹੋਇਆ ਬੁਰਾ ਹਾਲ।
ਇੱਟਾਂ ਨਾਲ ਛੁਹੰਦਾ ਹੋਣਾ ਗਾਰਾ ਹੋਣਾ ਸੰਗਦਾ , ਤੇਸੀਆਂ ਤੇ ਕਾਂਡੀਆਂ ਦੀ ਦੱਸੀਂ ਕੈਸੀ ਚਾਲ ।
ਚਿਣਦੇ ਸੀਂ ਕਾਰੀਗਰ ਸਾਹਿਬਜਾਦੇ ਨੀਹਾਂ ਵਿੱਚ ਹੋਇਆ ਹੋਣਾ ਕੰਮ ਦੱਸੀਂ ਕਿੰਨਾ ਕੁ ਮੁਹਾਲ ।
ਚਿਹਰਿਆਂ ਤੇ ਨੂਰ ਕਿੱਨਾ ਨੈਣਾਂ ਵਿੱਚ ਜੋਸ਼ ਕਿਵੇਂ, ਮੱਥਿਆਂ ਤੇ ਵੇਖਿਆ ਸੀ ਰਤਾ ਵੀ ਮਲਾਲ ।
ਪੈਰਾਂ ਚ ਮਧੋਲੇ ਦਿੱਤੇ ਲਾਲਚ ,ਡਰਾਵੇ ਕਿਵੇਂ ,ਛੱਡੀ ਨਾ ਧਰਮ ਵਾਲੀ ਸ਼ੇਰਾਂ ਵਾਲੀ ਚਾਲ ।
ਪਾ ਗਏ ਸ਼ਹੀਦੀਆਂ ਤੇ ਡੋਲੇ ਨਾ ਸਿਦਕ ਤੋਂ , ਸਿੱਖੀ ਦਾ ਪਿਆਰ ਕਿਵੇਂ ਰੱਖਿਆ ਸੰਭਾਲ ।
ਸੁਣ ਕੇ ਸੁਵਾਲ ਮੇਰੇ ਕੰਧ ਸਰਹੰਦ ਬੋਲੀ ,ਬੜਾ ਔਖੀ ਗੱਲ ਸ਼ਾਇਰਾ ਦੱਸਣੀ ਮੁਹਾਲ ।
ਮੈਂ ਹੀ ਹਾਂ ਨਿਕਰਮੀ ਨਾ ਰੋਕ ਸਕੀ ਜਾਲਮਾਂ ਨੂੰ , ਝੁਰਦੀ ਹਾਂ ਰਹਿੰਦੀ ਸਦਾ ਸੁਬ੍ਹਾ ਤ੍ਰਿਕਾਲ ।
ਹੁੰਦਾ ਨਹੀਂ ਸ਼ਹਾਦਤਾਂ ਦਾ ਹਾਲ ਮੈਥੋਂ ਦੱਸਿਆ , ਵੱਖ ਇੱਤਹਾਸ ਹੈ ਇਹ ਬੜਾ ਬੇ ਮਿਸਾਲ ।
ਸਦੀਆਂ ਤੋਂ ਖੜੀ ਹਾਂ ਮੈਂ ਸਾਂਭੀ ਇਤਹਾਸ ਨੂੰ , ਹਉਕਿਆਂ ਤੇ ਹਾਵਿਆਂ ਦੇ ਡੱਕ ਕੇ ਭੁਚਾਲ ।
ਧੰਨ ਹੈ ਉਹ ਪਿਤਾ ਕੁਰਬਾਨੀਆਂ ਦਾ ਪੁੰਜ ,ਲਾਲ ਜਿਹਦੇ ਜੂਝੇ , ਲੈ ਕੇ ਸਿਦਕਾਂ ਦੀ ਢਾਲ ।
ਦਾਸਤਾਂ ਸ਼ਹਾਦਤਾਂ ਦੀ ,ਦੇ ਕੇ ਜਿੰਦਾਂ ਛੋਟੀਆਂ ਬਾਲ ਗਈਆਂ ਕੌਮ ਲਈ ਅਨੋਖੀ ਹੀ ਮਸਾਲ ।
ਗੂੰਜਦੀ ਆਵਾਜ ਇੱਥੋਂ ,ਮੈਂ ਵੀ ਉਹਦੇ ਨਾਲ ਬੋਲਾਂ , ਬੋਲੇ ਸੋ ਨਿਹਾਲ , ਸੱਤ ਸ੍ਰੀ ਅਕਾਲ ।

**-ਰਵੇਲ ਸਿੰਘ ਇਟਲੀ**

## ਕਵਿਤਾ

### ਐਬ ਨਸ਼ਿਆ ਦੇ

ਸਖਦੇਵ ਗੰਢਵਾਂ



ਐਬ ਨਸ਼ਿਆ ਦੇ ਜਿਸਮਾਂ 'ਚ ਜ਼ਹਿਰ ਭਰਦੇ।
ਜਿਸ ਘਰ ਵਿੱਚ ਅੱਗ ਨਸ਼ਿਆਂ ਦੀ ਧੁੱਖਦੀ
ਕਰਦੀ ਏ ਰਾਜ ਰਾਣੀ ਨੰਗ ਅਤੇ ਭੁੱਖ ਦੀ
ਮਾੜੇ ਬਣਦੇ ਹਲਾਤ ਐਬੀਆਂ ਦੇ ਘਰ ਦੇ।
ਐਬ ਨਸ਼ਿਆਂ ਦੇ..................
ਨਸ਼ਿਆਂ ਚ' ਅੰਨਾ ਗੱਲ ਕਿਸੇ ਦੀ ਨਾ ਮੰਨਦਾ
ਕਰਦੇ ਨੇ ਐਬ ਸਫਾਇਆਂ ਤਨ ਧਨ ਦਾ
ਸਿਰ ਨਸ਼ਿਆਂ ਦੇ ਨਾਲ ਕਰਜੇ ਨੇ ਚੜ੍ਹਦੇ।
ਐਬ ਨਸ਼ਿਆਂ ਦੇ..................
ਨਸ਼ਿਆਂ ਦੇ ਐਬੀਆਂ ਦੀ ਸੋਚ ਰਹਿੰਦੀ ਸੜਦੀ
ਨਸ਼ਿਆਂ ਦੀ ਜ਼ਹਿਰ ਮਾਰੂ ਰੋਗ ਕਈ ਜੜਦੀ
ਰਹਿੰਦੇ ਦੁੱਖਾਂ ਅਤੇ ਫਿਕਰਾਂ ਦੇ ਮੀਂਹ ਵਰਦੇ
ਐਬ ਨਸ਼ਿਆਂ ਦੇ..................
ਨਸ਼ਿਆਂ ਦੀ ਗੁੱਡੀ ਜਦੋਂ ਸਿੱਖਰਾਂ ਤੇ ਚੜ੍ਹਦੀ
ਬਣਦੀ ਏ ਜਿੰਦ ਰਾਹੀ ਮੋਤ ਵਾਲੇ ਦਰ ਦੀ
ਸੁੱਖੀ ਰਹਿੰਦੇ ਜੋ ਨਾ ਨਸ਼ਿਆਂ ਦੇ ਰਾਹ ਫੜਦੇ।
ਐਬ ਨਸ਼ਿਆਂ ਦੇ..................
ਪਊ ਪਛਤਾਉਣਾਂ ਫਿਰ ਬੜਾ ਪੈਣਾਂ "ਸੁੱਖਿਆ"
ਜੇ ਨਾ ਬੀੜਾ ਨਸ਼ਿਆਂ ਦੇ ਖਾਤਮੇਂ ਲਈ ਚੁੱਕਿਆ
ਕਈ ਨਸ਼ੇ ਦਿਆਂ ਸਾਗਰਾਂ 'ਚ ਰਹਿਣੇ ਖਰਦੇ।
ਐਬ ਨਸ਼ਿਆਂ ਦੇ..................

## ਕਵਿਤਾ

### ਫੱਕਰ...!

ਸੀਮਾ ਗਰੇਵਾਲ



ਫੱਕਰਾਂ ਦਾ ਅੜੀਓ ਇਸ਼ਕ ਅਵੱਲੜਾ
ਰੜ੍ਹ ਰੜ੍ਹ ਰੱਤਾ ਰੰਗ ਹੋਵੇ ਸੁਵੱਲੜਾ
ਜਿੰਦ ਮਿੱਟੀ, ਚੜ੍ਹੇ ਅਦ੍ਰਿਸ਼ ਭੱਠੀ ਸਾਂਚੇ
ਖ਼ੁਦ ਦੀ ਜ਼ਾਤ 'ਚ ਭਾਲ਼ੇ ਲਾਲ ਗਵਾਚੇ
ਲੱਭੇ ਨਾ ਹੀਰਾ ਨਾ ਨਜ਼ਰੀਂ ਆਵੇ ਖ਼ਾਕ
ਨਾ ਸੀਵਣ ਥਿਆਵੇ , ਨਾ ਪਾਟੇ ਚਾਕ
ਨਾ ਝੋਲ਼ੀ 'ਚ ਦਾਣੇ, ਨਾ ਚਾਦਰ 'ਚ ਮੋਰੀ
ਨਾ ਢੱਡ ਨਾ ਛੈਣੇ,ਨਾ ਚੁੱਪੀ,ਨਾ ਚੋਰੀ
ਨਾ ਡੰਡ ,ਨਾ ਹੋਕੇ ,ਭੁੱਖ ਨਾ ਮੇਵੇ ਚੋਖੇ
ਨਾ ਸਿਤਮ ਆਪੇ 'ਤੇ ,ਨਾ ਸਾਂਈ ਨਾ'ਧੋਖੇ
ਧੁੰਦਾਂ 'ਚ ਧੁਖ਼ਧੁਖ਼ੀ ,ਹਵਾਵਾਂ ਨਾਲ਼ ਗੱਲਾਂ
ਐਥੇ ਵੀ- ਓਥੇ ਵੀ,ਅਣਕਿਆਸੀਆਂ ਠੱਲ੍ਹਾਂ
ਨਾ ਰੰਜ ਨਾ ਰਾਂਝੇ , ਨਾ ਹਾਸੇ ਦਰਦਾਂ ਵਾਂਝੇ
ਸਰੂਰ ਦੀਆਂ ਵੇਲਾਂ ,ਬਿਨ ਡੋਡੇ ,ਬਿਨ ਗਾਂਜੇ
ਫਕੀਰੀ ਫਿੱਕੀ ਵੀ ਏ , ਅਨਮੋਲ ਸਵਾਦ ਨੇ
ਫੱਕਰਾਂ ਦੇ ਵਸਦੇ ਚਾਅ,ਵਿਹੜੇ ਬਰਬਾਦ ਨੇ

## ਸਕੇਪ ਪੰਜਾਬ ਵਲੋਂ ਸਨਮਾਨਿਤ ਕੁੱਝ ਸ਼ਖਸਿਅਤਾ



ਡਾ. ਸੀ. ਪੀ ਕੰਬੋਜ



ਡਾ. ਪ੍ਰਵਿਨ ਕੁਮਾਰ



ਡਾ. ਰਾਜਵਿੰਦਰ ਸਿੰਘ



ਚਰਨਜੀਵ ਸਿੰਘ



ਚਰਨਜੀਤ ਪਨੂੰ



ਰਵੇਲ ਸਿੰਘ ਇਟਲੀ

# ਪੁੰਗਰ ਰਹੀ ਫੁਲਵਾੜੀ ‘ਚੋਂ

## ਕਵਿਤਾ

### ਇੱਕ ਨਵੇਂ ਵਿਚਾਰ ਨਾਲ

ਬਲਜੀਤ ਮਲਹਾਂਸ



ਮੈਂ ਨਹੀਂ ਚਾਹੁੰਦੀ
ਇਸ ਵਾਰ ਨਵੇਂ ਵਰ੍ਹੇ ਤੇ
ਮੈਨੂੰ ਦੇਵੇ ਕੋਈ ਵਧਾਈ
ਜਾਂ ਕਰੇ ਕੋਈ ਦੁਆ।

ਇਸ ਵਾਰ ਮੇਰੇ ਹਿੱਸੇ ਦੀਆਂ
ਸਾਰੀਆਂ ਦੁਆਵਾਂ
ਉਹਨਾਂ ਘਰਾਂ ਦੇ ਨਾਮ ਕਰ ਦਿਓ
ਜਿੰਨ੍ਹਾਂ ਦੀਆਂ ਸਲ੍ਹਾਬੀਆਂ ਕੰਧਾਂ 'ਤੇ
ਅਜੇ ਵੀ ਲਟਕ ਰਹੇ ਨੇ
ਵਰ੍ਹਿਆਂ ਪੁਰਾਣੇ ਕੈਲੰਡਰ
ਤੇ ਮੰਦ-ਮੰਦ ਮੁਸਕੁਰਾ ਰਹੀ ਹੈ
ਕੈਲੰਡਰ 'ਤੇ ਛਪੀ
ਭਗਵਾਨ ਦੀ ਮੂਰਤ
ਘਰ ਦੇ ਇਕਲੌਤੇ ਕਮਾਊ ਜੀਅ ਦੀ
ਤਸਵੀਰ ਨੂੰ ਦੇਖ
ਜੋ ਕਰਜ਼ੇ ਦਾ ਮਾਰਿਆ
ਖ਼ੁਦਕੁਸ਼ੀ ਕਰ ਗਿਆਂ।

ਜੇ ਹੋ ਸਕੇ ਤਾਂ ਕਰ ਦਿਓ
ਗੁਲਾਬ ਦੇ ਫੁੱਲਾਂ ਜਿਹੀਆਂ
ਕੁੱਝ ਕੋਮਲ ਦੁਆਵਾਂ
ਉਸ ਬਚਪਨ ਦੇ ਨਾਂ ਵੀ
ਜੋ ਦੋ ਪੈਰਾਂ 'ਤੇ ਖੜ੍ਹੇ ਹੁੰਦਿਆਂ ਹੀ
'ਕਮਾਉਣਾ' ਤੁਰ ਪਿਆਂ ਸੀ
ਤੇ ਜਿਸਦੇ ਜਿਸਮ ਨੂੰ ਕਦੀ
ਨਸੀਬ ਨਹੀਂ ਹੋਏ
ਮੇਚ ਦੇ ਕੱਪੜੇ

ਤੇ ਉਹਨਾਂ ਝੁੱਗੀਆਂ ਲਈ ਵੀ ਦੇ ਦਿਓ
ਲੱਪ ਕੁ ਕਿਰਨਾਂ ਉਧਾਰੀਆਂ
ਜਿੱਥੇ ਹਰ ਰੋਜ਼ ਕੋਈ ਬੇਵੱਸ ਮਾਂ
ਹਨੇਰੀਆਂ ਗੁੱਠਾਂ 'ਚ ਪਏ
ਖਾਲੀ ਡੱਬਿਆਂ ਨੂੰ
ਮੁੜ-ਮੁੜ ਫਰੋਲਦੀ ਐ
ਤੇ ਅਪਣੇ ਢਿੱਡ ਦੀਆਂ ਆਂਦਰਾਂ ਨੂੰ
ਖਾਣ ਦਾ ਹੀਲਾ ਕਰਨ ਲਈ
ਖਾਲੀ ਪੇਟ ਘਰੋਂ ਤੋਰਦੀ ਐ।

ਜੇ ਕਰ ਸਕੋ ਤਾਂ ਇਸ ਵਾਰ
ਤੁਸੀਂ ਤੇ ਮੈਂ
ਰਲ਼ਕੇ ਇਹ ਅਹਿਦ ਕਰੀਏ
ਅਪਣੇ ਸੈਆਂ ਕਰੋੜਾਂ ਕਦਮਾਂ 'ਚੋਂ
ਇੱਕ ਕਦਮ
ਉਹਨਾਂ ਦਹਿਲੀਜ਼ਾਂ 'ਤੇ ਵੀ ਧਰੀਏ
ਜਿਨ੍ਹਾਂ ਦੇ ਅੰਦਰਵਾਰ ਸਦਾ
ਤਰੀਕਾਂ ਹੀ ਬਦਲੀਆਂ ਨੇ
ਦਿਨ ਨਹੀਂ
ਸਾਲ ਹੀ ਬਦਲੇ ਨੇ
ਹਾਲਾਤ ਨਹੀਂ।

ਮੈਂ ਚਾਹੁੰਦੀ ਹਾਂ ਇਸ ਵਾਰ
ਮੇਰੇ ਹਿੱਸੇ ਦੀਆਂ ਸਾਰੀਆਂ ਦੁਆਵਾਂ
ਉਹਨਾਂ ਦੇ ਨਾਮ ਕਰ ਦਿਓ।

## ਕਵਿਤਾ

### ਵੀਰਾਨ

**ਜਗਦੀਪ ਬਿਰੋਕੇ**



ਕਿੰਨੀ ਵੀਰਾਨ ਹੋ ਚੁੱਕੀ ਹੈ ਲੋਕਾਂ ਦੀ ਜਿੰਦਗੀ,
ਹਰ ਇੱਕ ਦੇ ਮੁੱਖ ਤੇ ਹੈ ਚੁੱਪ,
ਦਿਲ ਚ ਹਰਦਮ ਸ਼ੋਰ ਹੈ,,

ਬਾਬੇ,ਲੀਡਰ ਹੋਰ ਕਿੰਨੇ ਹੀ ਭੇਸ ਬਣਾ ਲਏ ਨੇ ਲੋਕਾਂ ਨੇ ਲੋਕਾਂ ਨੂੰ ਲੁੱਟਣ ਲਈ,
ਇੱਥੇ ਹਰ ਕਿਸੇ ਦੇ ਮਨ ਵਿੱਚ ਵੱਸਦਾ ਚੋਰ ਹੈ,,

ਸੱਚ ਲਿਖਣ ਤੇ ਪੈਂਦੀ ਸਿਆਹੀ ਜਾਂ ਫਿਰ ਮਿਲਦੀ ਜੇਲ੍ਹ ਯਾਰਾ,
ਆਖਿਰ ਕਦ ਤੱਕ ਇਹਨਾਂ ਝੂਠਿਆਂ ਦਾ,
ਅਜੇ ਸੱਚ ਤੇ ਚੱਲਣਾ ਜ਼ੋਰ ਹੈ,,

ਜ਼ਮੀਰਾਂ ਵੇਚ ਲਈਆਂ,ਕਿਰਦਾਰ ਸੁੱਟ ਲਏ ਨੇ ਮੇਰਿਆਂ ਲੋਕਾਂ ਨੇ,
ਤਾਂਹੀ ਆਖ ਰਹੇ ਨੇ ਜਦੋਂ ਆਪਣੇ ਤੇ ਆਈ ਉਦੋਂ ਵੇਖਾਂਗੇ,
ਇਹ ਅੱਗ ਤਾਂ ਕਿਸੇ ਦੇ ਹੋਰ ਹੈ,,

ਬਹੁਤ ਕੁਝ ਬਣਾ ਲਿਆ ਬੰਦੇ ਨੇ ਬੰਦੇ ਦਾ ਵਜੂਦ ਮਿਟਾਉਣ ਲਈ,
ਫਿਰ ਵੀ ਉਸਨੂੰ ਕਿਉਂ ਲੱਗ ਰਿਹਾ ਉਹ ਕਮਜ਼ੋਰ ਹੈ,,

ਇੱਕ ਮਾਂ ਤੋਂ ਵੱਧਕੇ ਪਿਆਰ ਤੇ ਬਾਪੂ ਤੋਂ ਵੱਧਕੇ ਤੇਰੇ ਕਿਸੇ ਸ਼ੌਂਕ ਨੀ ਪੂਰੇ ਕਰਨੇ,
ਉਹਨਾਂ ਨੂੰ ਬੁਢਾਪੇ ਚ ਇਕੱਲੇ ਨਾ ਛੱਡੀਂ
ਉਦੋਂ ਪੈਣੀ ਉਹਨਾਂ ਨੂੰ ਤੇਰੀ ਲੋੜ ਹੈ
ਉਦੋਂ ਪੈਣੀ ਉਹਨਾਂ ਨੂੰ ਤੇਰੀ ਲੋੜ ਹੈ॥

## ਕਵਿਤਾ

### ਅੱਜ ਦਿਲ ਕਰਦਾ

**ਸਰੂਚੀ ਕੰਬੋਜ**



ਅੱਜ ਦਿਲ ਕਰਦਾ ਹੈ ਅਸੀਂ ਵੀ ਕੋਈ ਗੀਤ ਖੁਸ਼ੀ ਦਾ ਗਾਈਏ,
ਐਸਾ ਸੁਰ ਲਗਾਈਏ ਕਿ ਛੱਡ ਗਏ ਸਜਨਾ ਨੂੰ ਤੜਫਾਈਏ।

ਕਰਕੇ ਨਸੀਬ ਜੋ ਕੰਡੇ ਸਾਡੇ ਤੁਰ ਗਏ ਸੀ,
ਦੋ ਪਲ ਦੀ ਖੁਸ਼ੀ ਦੀ ਖਾਤਿਰ ਜਿਹੜੇ ਸਾਨੂੰ ਭੁੱਲ ਗਏ ਸੀ,
ਉਸ ਨੂੰ ਵੀ ਹੁਣ ਯਾਦਾਂ ਅਪਣੀਆਂ ਵਾਲੇ ਕੰਡੇ ਅਸੀਂ ਚੁਭਾਈਏ ।..

ਉਸਦੇ ਝੂਠੇ ਪਿਆਰਾਂ ਦੀ ਪਰਖ ਤੇ ਸਾਨੂੰ ਹੋ ਗਈ ਸੀ,
ਪਰ ਉਸ ਕੋਲੋਂ ਹੀ ਧੋਖਾ ਖਾਣ ਦੀ ਫਿਤਰਤ ਸਾਡੀ ਹੋ ਗਈ ਸੀ,
ਜਿਸਨੂੰ ਲੱਖ ਵਾਰੀ ਅਜਮਾਇਆ ਉਸਨੂੰ ਹੁਣ ਮੁੜ ਤੋਂ ਕੀ ਅਜਮਾਈਏ ।

ਕਾਹਤੋਂ ਉਸਨੂੰ ਹੁਣ ਇਹਨਾਂ ਹਰਫਾਂ ਵਿੱਚ ਉਕੇਰਾਂ ਮੈਂ,
ਲਿਖਿਆ ਨਹੀਂ ਜੋ ਰੱਬ ਨੇ ਉਸਨੂੰ ਮੇਰੇ ਕਰਮਾ ਚ,
ਕਿਉਂ ਯਾਦ ਕਰ ਕਰ ਉਸਨੂੰ ਜਿੰਦਗੀ ਦੋਜਖ ਅਪਣੀ ਅਸੀਂ ਬਣਾਈਏ।...

ਉਹ ਤੇ ਮਾਣੇ ਨਿੱਤ ਹੀ ਖੁਸ਼ੀਆਂ ਰੰਗ ਬਿਰੰਗੀਆਂ ਹੈ,
ਪੁਰਾਣਿਆ ਨੂੰ ਛੱਡ ਫਿਰਦਾ ਉਹ ਤੇ ਨਵਿਆਂ ਸੰਗੀਆਂ ਦੇ,
ਫਿਰ ਕਿਉਂ ਉਸਦੀ ਖਾਤਿਰ 'ਕੰਬੋਜ' ਅਸੀਂ ਅਪਣੇ ਦਰਦ ਵਧਾਈਏ ।

# ਸਕੇਪ ਪੰਜਾਬ ਵਲੋਂ 2016 ਦੀਆਂ ਲੱਖ ਲੱਖ ਵਧਾਈਆਂ

ਵਲੋਂ ਸਕੇਪ ਪੰਜਾਬ ਸਮੂਹ ਮੈਂਬਰ




ਪ੍ਰਤਿਬਿੰਬ ਈ-ਪਤ੍ਰਿਕਾ ਦੀ ਘੁੰਡ ਚੁਕਾਈ ਸਮੇਂ ਇੱਕਠੇ ਹੋਏ ਲੇਖਕ/ਵਿਦਵਾਨ

## ਸੰਦੇਸ਼

ਸਕੇਪ ਪੰਜਾਬ ਵਲੋਂ ਈ-ਪਤ੍ਰਿਕਾ "ਪ੍ਰਤਿਬਿੰਬ" ਦੇ ਪਾਠਕਾਂ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕੀ ਨਵੇਂ ਸਾਲ 2016 ਤੋਂ ਈ-ਪਤ੍ਰਿਕਾ ਨਵੇਂ ਰੂਪ ਵਿੱਚ ਜਾਰੀ ਕੀਤੀ ਜਾਵੇਗੀ ਜਿਸ ਵਿੱਚ ਸਥਾਪਿਤ ਲੇਖਕਾਂ ਤੋਂ ਇਲਾਵਾਂ ਨਿਵਕਲੇ ਲੇਖਕਾਂ ਨੂੰ ਵੀ ਉਚਿਤ ਥਾਂ ਦਿੱਤੀ ਜਾਵੇਗੀ । ਇਸ ਈ-ਪਤ੍ਰਿਕਾ ਰਾਹੀਂ ਪੰਜਾਬੀ, ਪੰਜਾਬੀਅਤ ਅਤੇ ਸੱਭਿਆਚਾਰਕ ਲੇਖਾਂ ਬਾਰੇ ਖੋਜ ਭਰਪੂਰ ਰਚਨਾਵਾਂ ਹੋਣਗੀਆਂ। ਸਾਰੇ "ਪ੍ਰਤਿਬਿੰਬ " ਦੇ ਪਾਠਕਾਂ ਨੂੰ ਬੇਨਤੀ ਹੈ ਕਿ ਇਸ ਈ-ਪਤ੍ਰਿਕਾ ਦਾ ਆਪਣੇ ਦੋਸਤਾਂ ਅਤੇ ਨੇੜਲਿਆਂ ਨੂੰ ਜਰੂਰ ਦਸੋਂ ਤਾਂ ਜੋ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦਾ ਪਾਸਾਰ ਪ੍ਰਚਾਰ ਵੱਧ ਤੋਂ ਵੱਧ ਹੋ ਸਕੇ। ਪਾਠਕਾਂ ਨੂੰ ਇਹ ਵੀ ਬੇਨਤੀ ਕੀਤੀ ਜਾਂਦੀਂ ਹੈ ਕਿ ਉਹ ਪਤ੍ਰਿਕਾ ਬਾਰੇ ਆਪਣੀ ਉਸਾਰੂ ਰਾਏ ਜ਼ਰੂਰ ਭੇਜਣ ਤਾਂ ਜੋ ਪਤ੍ਰਿਕਾ ਨੂੰ ਹੋਰ ਵੀ ਸ਼ਿੰਗਾਰਿਆ ਜਾ ਸਕੇ। ਅੰਤ ਵਿੱਚ ਆਪ ਸੱਭ ਨੂੰ ਆਉਣ ਵਾਲੇ ਨਵੇਂ ਵਰੇ ਦੀਆਂ ਲੱਖ ਲੱਖ ਵਧਾਈਆਂ ਆਪ ਜੀ ਦਾ ਆਉਣ ਵਾਲਾ ਸਾਲ ਆਪ ਲਈ ਖੁਸ਼ੀਆਂ -ਖੇੜ੍ਹੇ ਲੈਕੇ ਆਵੇ ।

ਧੰਨਵਾਦ
ਮਨੋਜ ਫਗਵਾੜਵੀ
ਮੁੱਖ ਸੰਪਾਦਕ